# ਭਗਵਾਨ ਬਲਾਸ




ਸ਼੍ਰੀਮਾਨ ਬਾਵਾ ਭਗਵਾਨ ਦਾਸ ਜੀ ਕ੍ਰਿਤ

ਬਿਨਾਂ ਦਸਖਤਾਂ ਪ੍ਰਕਾਸ਼ਕਾਂ ਕਿਤਾਬ ਚੋਰੀ ਦੀ ਸਮਝੀ ਜਾਵੇਗੀ ॥

ਕਾਨੂੰਨੀ ਤੌਰ ਤੇ ਰਜਿਸਟਰੀ ਕਰਾਈ ਗਈ ਹੈ।

## ਸ਼੍ਰੀਮਾਨ ਬਾਵਾ ਭਗਵਾਨ ਦਾਸ ਜੀ ਕ੍ਰਿਤ

# ਭਗਵਾਨ ਬਲਾਸ

ਪ੍ਰਕਾਸ਼ਕ ਤੇ ਮਿਲਣ ਦਾ ਪਤਾ :–

**ਗੁਰਦੁਆਰਾ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ**

**ਪ੍ਰਬੰਧਕ ਕਮੇਟੀ ਪਿੰਡ ਝਿੰਗੜਾਂ (ਨਵਾਂਸ਼ਹਿਰ)**

ਪਬਲਿਸ਼ਰ :

**ਗੁਰਦੁਆਰਾ ਪ੍ਰਬੰਧਕ ਕਮੇਟੀ**

ਪਿੰਡ ਤੇ ਡਾਕ. ਝਿੰਗੜਾਂ (ਨਵਾਂਸ਼ਹਿਰ)

| | | | |
|---|---|---|---|
| ਪਹਿਲੀ ਵਾਰ | ...1000 | ... ਅਕਤੂਬਰ | 1933 |
| ਦੂਜੀ ਵਾਰ | ... 500 | ... ਜਨਵਰੀ | 1959 |
| ਤੀਸਰੀ ਵਾਰ | ... 800 | ... ਫਰਵਰੀ | 1969 |
| ਚੌਥੀ ਵਾਰ | .. 1000 | ... ਅਗਸਤ | 1982 |
| ਪੰਜਵੀਂ ਵਾਰ | ...1000 ਕਾਪੀ | ... ਅਗਸਤ | 1997 |

( ਅਸਲੀ ਲਿਖਤ ਅਨੁਸਾਰ )

ਮੁੱਲ 25/- ਰੁਪੈ

ਛਾਪਕ :- ਜਗਦੀਸ਼ ਪ੍ਰਿੰਟਿੰਗ ਪ੍ਰੈਸ, ਰੇਲਵੇ ਰੋਡ, ਬੰਗਾ (ਨਵਾਂਸ਼ਹਿਰ)

ੴ ਸਤਿਗੁਰ ਪ੍ਰਸਾਦਿ ॥

# ਅਥ ਭਗਵਾਨ ਬਲਾਸ

ਸੁਖਨਲ ਸਾਰ ਕ੍ਰਿਤ ਬਾਵਾ ਭਗਵਾਨ ਦਾਸ ਮੌਜ ਦਿਲ ਦ੍ਰਵੇਸ
ਨਿਰਪੱਖ ਲਿਖਯਤੇ ॥

************

—: ਦੋਹਰਾ :—

ਆਦਿ ਅੰਤ ਮੱਧ ਪੂਰਨ ਓਂਕਾਰ ਮਮ ਰੂਪ ॥
ਸਤਿਗੁਰ ਕੇ ਪ੍ਰਸਾਦਿ ਸੇ ਜਾਨਿਯੋ ਰੂਪ ਅਨੂਪ ॥੧॥

—: ਦੋਹਰਾ :—

ਓਅੰਕਾਰ ਉਰਧਾਰ ਕੇ ਬਰਨਨ ਕਰਾਂ ਬਲਾਸ ॥
ਸਤਿਗੁਰ ਕੇ ਪ੍ਰਸਾਦਿ ਸੈ ਅਨਭਵ ਹੋ ਪ੍ਰਕਾਸ

*ਸ੍ਵੈਯਾ*

ਹੌਂ ਪ੍ਰਨਾਮ ਕਰੂੰ ਗੁਰ ਕੋ ਗੁਰ ਬਾਝ ਨ ਮਾਨਤ ਔਰਨ ਕੋ ॥
ਗੁਰ ਦਾਤਾ ਭਾਇਓ ਜਗ ਅੰਤਰ ਹੈ ਗੁਰ ਦਾਨ ਦੀਓ ਮਨ ਸੌਰਿਨ ਕੋ ॥
ਛਬ ਦੇਵਤ ਹੈਂ ਸਭ ਹੀ ਸੁਰ ਕੋ ਉਰ ਚਾਹਤ ਹੈ ਗੁਰ ਜੋਰਨ ਕੋ ॥
ਦਾਸ ਭਗਵਾਨ ਜਹਿ ਪਾਵ ਧਰੇ ਗੁਰ ਸੀਸ ਨਮਾ ਤਹ ਠੌਰਨ ਕੋ ॥

॥੧॥ ਸ੍ਵੈਯਾ ॥

ਅਨਦਿਨ ਪੂਜਤ ਹੋਂ ਗੁਰ ਕੋ ਗੁਰ ਪੂਜ ਸੇ ਪੂਜ ਹੈ ਦੇਵਨ ਕੋ ॥
ਵੇ ਪਰਵਾਹਿ ਵਲੀ ਵਰਦਾਇਕ ਲਾਇਕ ਹੈ ਗੁਰ ਸੇਵਨ ਕੋ ॥
ਵਾਰ ਹੀ ਵਾਰ ਨਮੋ ਕੋ ਗੁਰ ਜਾਨਣਹਾਰ ਹੈ ਭੇਵਨ ਕੋ ॥
ਦਾਸ ਭਗਵਾਨ ਹਿ ਧਿਆਨ ਧਰੋ ਤਹ ਗਿਆਨ ਵਿਗਆਨਕੇਲੇਵਨਕੇ ॥

॥੨॥ ਸ੍ਵੈਯਾ ॥

ਆਦਿ ਅਨਾਦਿ ਅਕਾਲ ਗੁਰੂ ਗੁਰ ਬ੍ਰਹਮਾ ਮਹੇਸ ਗਣੇਸ ਮੁਰਾਰੀ ॥
ਆਨ ਨਹੀਂ ਗੁਰ ਜੇਵਡ ਜਾਨਤ ਹੈ ਪ੍ਰਬੀਨ ਗੁਰੂ ਬਿਧ ਸਾਰੀ ॥
ਗੁਰ ਗਿਆਤਸੇ ਗਿਆਤਹੈ ਗਾਤਨਕੀਗੁਰਗਿਆਨਸੇਭਾਨਬ੍ਰਹਮਬਚਾਰੀ ॥
ਦਾਸ ਭਗਵਾਨ ਦ੍ਰਿਸਟ ਕਰੇ ਗੁਰ ਸ੍ਰਿਸਟ ਤਰੇ ਭਵ ਸਿੰਧਨ ਭਾਰੀ ॥

॥੩॥ ਸ੍ਵੈਯਾ ॥

ਪ੍ਰਲੋਕ ਕੀ ਵਾਤ ਸੁਣੀ ਜਬ ਤੇ ਤਬ ਤੇ ਮੁਹਿ ਮੌਜ ਨਹੀਂ ਕਛੁ ਭਾਵੇ ॥
ਮਾਰਗ ਬੀਚ ਬੇਤਰਨੀ ਨਦੀ ਓਹ ਤਰਨੀ ਹੈ ਮੁਸਕਲ ਲੋਕ ਸੁਣਾਵੈ ॥
ਯਾਦ ਕਰਾਂ ਜਬ ਵਾਂ ਦਿਨ ਕੋ ਨੈਨੀ ਨੀਰ ਅਸਾਰ ਅਸਾਰ ਹੀ ਜਾਵੈ ॥
ਖਾਵਨ ਸੋਵਨ ਭੂਲਿ ਗਿਓ ਹੁਣ ਦਾਸ ਭਗਵਾਨ ਕਿਉਂ ਰੈਣ ਬਿਹਾਵੈ ॥

॥੪॥ ਸ੍ਵੈਯਾ ॥

ਖਾਇ ਤ੍ਰਾਸ ਨਰਾਸ ਹੁਏ ਜਬ ਸਤਿਗੁਰ ਆਨ ਮਿਲੇ ਤਿਸ ਵੇਲੇ ॥
ਸਮਝ ਸਿਧਾਂਤ ਮਤਾਂਤ ਸਹੀ ਇਹੁ ਸਿਖਿਆ ਦੀਨੀ ਉਨ ਬੈਠ ਅਕੇਲੇ ॥
ਬੈਤ੍ਰਨੀ ਤਿਸੈ ਪ੍ਰਜੇਜਨ ਕੀ ਕਹੁ ਤ੍ਰਿਸਨਾ ਨਦੀ ਤਰ ਪਾਰ ਜੋ ਖਲੇ ॥
ਦਾਸ ਭਗਵਾਨ ਨਚਿੰਤ ਰਹੋ ਅਬ ਸੂਖਮ ਜਾਂਨ ਪਛਾਂਨ ਸੁਵੇਲੇ ॥

॥੫॥ ਸ੍ਵੈਯਾ ॥

ਐਨ ਉਜਾਗਰ ਹੈ ਗੁਣ ਸਾਗਰ ਹੋਇ ਅਕਾਗਰ ਬਾਤ ਬਚਾਰੋ ॥
ਕੈਸਾ ਹੈ ਰੂਪੁ ਓਹੁ ਦੇਖ ਸਰੂਪ ਨਾ ਜੂਪ ਕੀ ਖੇਡ ਮੇ ਬਾਜੀ ਕੋ ਹਾਰੋ ॥

ਹੈ ਸੁਬੱਤ੍ ਜੱਤ੍ ਕੱਤ੍ ਮਿਤ੍ ਸੱਤ੍ ਏਕਸ ਸਾਰੋ ॥
ਦਾਸ ਭਗਵਾਨ ਨਾਂ ਗਾਫਲ ਹੋ ਕਰ ਸੁਧ ਸਰੂਪ ਕੋ ਪਲਕ ਬਸਾਰੋ ॥

॥੬॥ ਸ੍ਵੈਯਾ ॥

ਜਾਂ ਗੁਨ ਕੋ ਗੁਨੀ ਖੋਜਤ ਹੈਂ ਨਿਤ ਸੋ ਗੁਨੁ ਸਤਗੁਰੁ ਸੇਵ ਮੈਂ ਪਾਯੋ ॥
ਨਦਰੀਂ ਹੀ ਨਦਰ ਨਿਹਾਲ ਕਰੇ ਖਿਨ ਭੀਤਰ ਭੇਦ ਔ ਭਰਮ ਚੁਕਾਯੋ ॥
ਜਾਂ ਪਦ ਕਾਰਨ ਕਸਟ ਹੈਂ ਪਾਵਤ ਸੋ ਗੁਰ ਨੇ ਪਦੁ ਸਹਜ ਲਖਾਯੋ ॥
ਦਾਸ ਭਗਵਾਨ ਨਮੋ ਗੁਰ ਕੋ ਜਿਨ ਆਤਮ ਤੀਰਥ ਹੈ ਪਰਸਾਯੋ ॥

॥੭॥ ਸ੍ਵੈਯਾ ॥

ਸਤਿਗੁਰ ਕੋ ਮਿਲ ਬਿਗਸ ਰਹੇ ਰਿਦ ਕਮਲ ਖਿੜੇ ਜੈਸੇ ਭਾਂਨ ਉਦੇ ॥
ਮਨੋਰਾਜ ਨਿਲਾਜ ਦਾ ਪਾਜ ਗਿਓ ਜਬ ਤਾਜ ਲੀਓ ਹੁਈ ਸਾਨ ਉਦੇ ॥
ਪ੍ਰਮ ਪਦ ਅਟਲ ਸਮਾਜ ਲਹਿਓ ਭਏ ਗਾਜ ਅਵਾਜ ਗਿਆਂਨ ਉਦੇ ॥
ਨਿਜਾਨੰਦਕੇ ਰਾਜ ਖਰਾਜ ਨੰਹੀਇਉਂ ਦਾਸ ਭਗਵਾਨ ਬਿਗਿਆਨ ਉਦੇ ॥

॥੮॥ ਸ੍ਵੈਯਾ ॥

ਸੂਰਜ ਚੰਦ ਜਹ ਏਕ ਜਗਾ ਤਹਾਂ ਕਾਮਲ ਪੀਰ ਪਵਾ ਦਈ ਝਾਕੀ ॥
ਹੋ ਉਨਮਤ ਬਿਰਾਜ ਰਿਹਾ ਤਹ ਸਮਝ ਸਹੀ ਇਹੁ ਠਾਹਰ ਆਕੀ ॥
ਛੋਡਿ ਸਤਾਬ ਇਹ ਦਿਲ ਮੁਕਾਮ ਕਹੇ ਗੁਰ ਮਨਜਲ ਹੈ ਅਜੇ ਬਾਕੀ ॥
ਊਪਰ ਜਾ ਬਿਸਰਾਮ ਕਰੋ ਅਬ ਦਾਸ ਭਗਵਾਂਨ ਓਹੁ ਤੋੜ ਕੇ ਤਾਕੀ ॥

॥੯॥ ਸ੍ਵੈਯਾ ॥

ਜਹ ਏਕ ਬ੍ਰਹਮ ਨੰਹੀ ਕੋਊ ਦੂਸਰ ਆਪ ਹੀ ਆਪ ਅਜਾਪ ਮਕਾਂਨੇ ॥
ਜਹ ਨਾ ਦਿਨ ਰਾਤ ਨਹੀਂ ਪ੍ਰਭਾਤ ਤਹ ਸੰਧ ਅਸੰਧ ਕਹੁ ਕੌਣ ਬਖਾਨੇ ॥
ਰੂਪ ਨਾ ਰੇਖ ਨਹੀਂ ਜਹ ਭੇਖ ਤਹ ਲੇਖ ਅਲੇਖ ਕਹੁ ਕੌਣ ਲਖਾਨੇ ॥
ਗਿਆਨਅਗਿਆਨ ਜਹ ਨਾਸ ਭਏਤਹਦਾਸਭਗਵਾਂਨਕਹੁਕਰਮਕੀਮਾਨੇ ॥

॥੧੦॥ ਸ੍ਵੈਯਾ ॥

ਜਹ ਆਪਣਾ ਆਪਨਹੀਪੁੰਨਪਾਪਤਹਝਰਸਰਾਪ ਕਾ ਕਿਉਂਅਭਿਮਾਨੀ ॥
ਜਹ ਧੂਪ ਨਾ ਛਾਂਮ ਨਾ ਕਾਮ ਹੈ ਖਾਮ ਤਹਚਾਮਐਦਾਂਮਕੀਕੌਣਕਹਾਂਨੀ ॥
ਜਹ ਏਕ ਅਗਾਧ ਨਾਂਆਧ ਬਿਆਧ ਉਪਾਧ ਅਸਾਧ ਤਹ ਕੌਣ ਪ੍ਰਾਨੀ ॥
ਅਮਰ ਅਜਰ ਨਹੀਂ ਜਹ ਜਰ ਤਹ ਦਾਸ ਭਗਵਾਨ ਬਕਾਨਹੀਂ ਫਾਨੀ ॥

॥੧੧॥ ਸ੍ਵੈਯਾ ॥

ਗੁਰ ਕ੍ਰਿਪਾ ਕਰੀ ਜਹ ਮਾਨਸ ਊਪਰ ਸੋ ਨੰਹੀ ਬਾਹਰ ਢੂੰਡਣ ਜਾਏ ॥
ਆਪਣਾ ਆਪ ਬਿਚਾਰ ਲੀਓ ਜਬ ਨਾਬਣ ਕੰਦੂ ਅੰਦੂ ਧਾਏ ॥
ਪ੍ਰਿਤਮਾ ਪੂਜ ਨਾ ਪਾਠ ਕਰੇ ਨੰਹੀ ਮੰਦੂ ਅੰਦੂ ਘੰਟ ਬਜਾਏ ॥
ਦਾਸ ਭਗਵਾਂਨ ਬਿਗਿਆਂਨਪਦਾਰਥ ਨਿਰਮਿਲਿ ਜੋਤ ਆਬੀਚ ਜਗਾਏ ॥

॥੧੨॥ ਸ੍ਵੈਯਾ ॥

ਮਾਰਗ ਪਾਇ ਲੀਓ ਜਬ ਹੈ ਤਬ ਦੇਸ ਦਿਸਾਨ ਨਾ ਢੂੰਡਣ ਧਾਏ ॥
ਤੀਰਥ ਬਰਤ ਨਾ ਨੇਮ ਕਰੇ ਨਹੀਂ ਪੂਜ ਪਖਾਨ ਧਿਆਨ ਲਗਾਏ ॥
ਝੂਲਾ ਝੁਲਾਇ ਨਾਂ ਠਾਂਡ ਭਇਓ ਹਠ ਕਰਮ ਕੀਏ ਨੰਹੀ ਕਰਮ ਕਮਾਏ ॥
ਦਾਸ ਭਗਵਾਂਨ ਨਦਾਨ ਨਾ ਊਰਨ ਪੂਰਨ ਗਿਆਨ ਹੈ ਜੋਤ ਜਗਾਏ ॥

॥੧੩॥ ਸ੍ਵੈਯਾ ॥

ਧੰਨ ਧੰਨ ਮਾਨਸ ਤੇ ਜਗ ਮੈਂ ਜਿਨੀ ਕਰਮ ਸੁਕ੍ਰਿਤ ਅਕ੍ਰਿਤ ਕਮਾਏ ॥
ਸਫਲ ਸਰੀਰ ਭਇਓ ਤਿਨਕਾ ਜਿਨੀ ਏਕ ਅਦ੍ਵੈ ਪਦ ਚਿਤ ਦ੍ਰਿੜਾਏ ॥
ਆਤਮ ਰਸ ਲੀਓ ਤਿਨ ਨੇ ਜਿਨੀ ਅੰਤਰ ਬ੍ਰਿਤ ਧਿਆਨ ਲਗਾਏ ॥
ਨਿਰਮਲ ਜੋਤ ਜਗੀ ਘਟ ਭੀਤਰ ਦਾਸ ਭਗਵਾਨ ਹੈ ਦਰਸਨ ਪਾਏ ॥

॥੧੪॥ ਸ੍ਵੈਯਾ ॥

ਮਾਨਸ ਜਨਮ ਓਹੁ ਸਫਲ ਭਏ ਜੋਈ ਆਪਣੇ ਆਪ ਕੇ ਖੋਜ ਮੇ ਆਏ ॥
ਭੈਰੋਂ ਭੂਤ ਮਸਾਣ ਮਨਾਵਤ ਨਾਂ ਗੁਗਾ ਗੋਰ ਮੜ੍ਹੀ ਨੰਹੀ ਥਾਂਨ ਮਨਾਏ ॥

ਵਾਈਆ ਚੁਰਾਈਆ ਨ ਚੀਤ ਧਰੋਂ ਨਹੀਂ ਸਾਢਸਤੀ ਗਹਪੂਜ ਕਰਾਏ ॥
ਦਾਸ ਭਗਵਾਂਨ ਆ ਅੰਤਰ ਮੇ ਇਉਂ ਨਿਰਮਲ ਜੋਤ ਹੈ ਖੂਬ ਜਗਾਏ ॥

॥੧੫॥ ਸ੍ਵੈਯਾ ॥

ਆਪਣੇ ਆਪਿ ਕੋ ਸੋਧ ਰਹੇ ਜਬ ਬੋਧ ਬਰਾਗ ਦਮਾਂਗ ਮੇ ਆਏ ॥
ਪੀਆ ਪ੍ਰੇਮ ਮੇ ਮਗਨ ਭਏ ਭਇਆ ਗਰਨ ਗਿਆਨਨਾਸਗਨਮਨਾਏ ॥
ਲਿਵ ਲੀਨ ਹੋ ਢੀਨ ਪ੍ਰਬੀਨ ਸੁਣੇ ਰਹੇਂਭੀਨ ਭਿਆਨਕ ਭਰਮੁ ਚੁਕਾਏ ॥
ਦਾਸ ਭਗਵਾਂਨ ਬਿਗਿਆਂਨ ਪਛਾਨ ਤੋ ਨਿਰਮਲਜੋਤ ਹੈਜਗਮਗਪਾਏ ॥

॥੧੬॥ ਸ੍ਵੈਯਾ ॥

ਏਕ ਅਰਾਧ ਲੈ ਖਾਲਕ ਬਾਲਕ ਮਾਲਕ ਹੈ ਜੋਈ ਅਪਰ ਅਪਾਰੋ ॥
ਨਹੀਂ ਕਰ ਆਲਕ ਹੈ ਸਭ ਪਾਲਕ ਤਾਲਕ ਹੈ ਜਹ ਕੁਲ ਬਿਹਾਰੋ ॥
ਹੈ ਸਭ ਪੂਰਨ ਨਾ ਕਹੀ ਊਰਨ ਚੂਰਨ ਕੀਜੀਏ ਚਿਤ ਹੰਕਾਰੋ ॥
ਦਾਸ ਭਗਵਾਂਨ ਨਦਾਂਨ ਕਹੇ ਅਬ ਜਾਂਨ ਕੇ ਬੀਚ ਹੈ ਜਾਨ ਸਭਾਰੋ ॥

॥੧੭॥ ਸ੍ਵੈਯਾ ॥

ਜੋ ਗਤ ਚਾਹਤ ਹੈ ਮਨ ਮੂਰਖ ਤਉ ਨਿਰਬਾਂਣ ਕੀ ਬਾਂਣ ਕੋ ਪਾਯੋ ॥
ਸੀਘਰ ਕਾਜ ਸਵਾਰ ਲੇਹੁ ਤੁਮ ਸੁਰਤ ਔ ਸਬਦ ਕੀ ਸਾਰ ਕੋ ਪਾਯੋ ॥
ਨਾਮ ਜਿਸੇ ਪੁਰ ਬੇਗਮ ਸੈਹਰ ਸੈਲ ਕਰੋ ਤਾਹਿ ਕਦਮ ਟਕਾਯੋ ॥
ਦਾਸ ਭਗਵਾਂਨ ਇਹ ਖੋਜ ਲਵੋ ਫਿਰ ਮਹਲ ਖਮੋਸ ਕੇ ਬੀਚ ਸਮਾਯੋ ॥

॥੧੮॥ ਸ੍ਵੈਯਾ ॥

ਯਮ ਨੇਮ ਤੇ ਆਸਣ ਔ ਪ੍ਰਿਤਹਾਰ ਤੇ ਸਮਦਮ ਧਿਆਨਔਜੋਗਕਮਾਯੋ ॥
ਏਹ ਅਠ ਅੰਗ ਹੀ ਜੋਗ ਕੇ ਸਾਦਕ ਸਾਧ ਜੋਗੀਸਰ ਨਾਮ ਕਹਾਯੋ ॥
ਸੂਰਤ ਔ ਨਿਰਤ ਕੀ ਖੇਡ ਰਚਾ ਕਰ ਬੇਨ ਅਨਾਹਦ ਕਿੰਗ ਬਜਾਯੋ ॥
ਦਾਸ ਭਗਵਾਂਨ ਇਉ ਸੁੰਨਕੇ ਮੈਹਲ ਗੈਬਕਾ ਚਾਨਣ ਅਜਬ ਹੀ ਪਾਯੋ ॥

॥੧੯॥ ਸ੍ਵੈਯਾ ॥

ਦੂਧ ਬਿਖੇ ਜੈਸੇ ਘ੍ਰਿਤ ਰਿਹਾ ਰਚ ਬੀਚ ਅਨਾਤਮ ਆਤਮ ਤੈਸੇ ॥
ਬਾਝ ਬਲੋਬਨ ਹੈ ਰਹ ਜਾਵਤ ਹੋਤ ਸਰੂਪ ਨਾਂ ਸਾਬਤ ਐਸੇ ॥
ਗਿਆਂਨ ਮਧਾਂਣ ਫਿਰੇ ਅਤ ਸੁੰਦ੍ਰ ਨੇਤਨ ਨਾਮ ਕਰੈ ਜਬ ਭੈਸੇ ॥
ਦਾਸ ਭਗਵਾਨ ਜੋ ਬ੍ਰਹਮ ਮਥੇਂ ਨਹੀਂ ਹੋਇ ਅਖੰਡ ਅਨੰਦ ਤਾਂ ਕੈਸੇ ॥

॥੨੦॥ ਸ੍ਵੈਯਾ ॥

ਸੋ ਪ੍ਰਮਾਤਮ ਹੈ ਸਹੀ ਆਤਮ ਬਿਨਸਤ ਨਾਹਿ ਨਹੈ ਅਬਿਨਾਸੀ ॥
ਅਦ੍ਰਿਸ ਅਨਾਸ ਕਾ ਧਿਆਨ ਧਰੋ ਮਨ ਦ੍ਰਿਸ ਪਦਾਰਥ ਹੈ ਮਭਨਾਸੀ ॥
ਅਸਟ ਦਸਾ ਖਟ ਚਾਰ ਪੁਕਾਰਤ ਨਾਮ ਔ ਰੂਪ ਹੈ ਕਾਲ ਗ੍ਰਾਸੀ ॥
ਦਾਸ ਭਗਵਾਂਨ ਅਨਾਤਮ ਕੋ ਤਜ ਆਤਮ ਲੀਨ ਸਦਾ ਸੁਖ ਰਾਸੀ ॥

॥੨੧॥ ਸ੍ਵੈਯਾ ॥

ਹੈ ਘਟ ਅੰਤਰ ਸਰਬ ਨਿਰੰਤਰ ਹੋਇ ਇਕਤ੍ਰ ਬਾਤ ਬਚਾਰੀ ॥
ਸਤ ਗੁਰ ਬਾਝ ਨਹੀਂ ਹੱਥ ਆਵਤ ਮਿਲ ਕਰ ਉਨਹਨ ਕਾਜ ਸਵਾਰੀ ॥
ਸਬਦ ਕੀ ਕੁੰਜੀ ਕੋ ਲੈਕਰ ਬਾਲਕ ਤੋ ਗੜ ਕਾਂਇਆਂਕੇਕੁਲਫਉਤਾਰੀ ॥
ਦਾਸ ਭਗਵਾਂਨ ਖੁਲੇਂ ਖਟ ਚੱਕ੍ਰ ਜਾ ਗਗਨੰਤ੍ਰ ਸੁਰਤਿ ਸਿਧਾਰੀਂ ॥

॥੨੨॥ ਸ੍ਵੈਯਾ ॥

ਜਾਗ੍ਰਤ ਸੁਪਨ ਸਕੋਪਦ ਸੇ ਉਠ ਤੁਰੀਆਕੇ ਬੀਚ ਮੇ ਜਾਇ ਸਮਾਯੋ ॥
ਨੌ ਦਰਵਾਜੇ ਕੋ ਰੋਕ ਕੇ ਸਾਦਕ ਦਸਮ ਹੋ ਕਾਮਲ ਕਦਮ ਟਕੋਯੋ ॥
ਛੋਡਿਕੇ ਸੰਗ ਸਮੂਹ ਨ ਕਾਫਿਰ ਹੋਇ ਨਿਹੰਗ ਨ ਅੰਗ ਹਟਾਯੋ ॥
ਦਾਸ ਭਗਵਾਂਨ ਨਦਾਨ ਸਹੀ ਅਬ ਗੈਬਲਗੈਬ ਹੋ ਗੈਬ ਕੋ ਪਾਯੋ ॥

॥੨੩॥ ਸ੍ਵੈਯਾ ॥

ਫੂਲ ਕੀ ਗੰਧ ਸਮਾਂਨ ਸਰੀਰ ਮੇ ਨੂਰ ਬਿਆਪ ਰਿਹਾ ਸਭ ਅੰਦਰੇ ॥
ਘਟਿ ਪਟਿ ਔ ਤਟ ਤੀਰਥ ਜਲ ਥਲ ਹੈ ਇਕ ਆਤਮ ਜੰਗਲ ਮੰਦਰ ॥

ਸਾਖਾ ਛੋਡਿਕੇਸਾਖੀਦੀਸਾਰਿਲਹੋਇਓਂਗੋਸਾਗਹੇਮੁੜਕਾਇਆਂਕੀਕੰਦਰ ॥
ਸੂਖਮ ਸਾਰ ਸਰੂਪ ਲਹੈ ਜਬ ਦਾਸ ਭਗਵਾਨ ਹੋ ਬੁਧ ਬਿਘੰਬਰ ॥

॥੨੪। ਸ੍ਵੈਯਾ ॥

ਸੰਤ ਜਣਾਵਤ ਸਾਚੁ ਤੁਝੇ ਨਹੀਂ ਮਾਨਤ ਹੈ ਮਨ ਮੂਰਖ ਜੀਆ ॥
ਨਿਤਾ ਪਰਤ ਹੀ ਏਹ ਉਪਦੇਸ਼ ਕਰੇਂ ਤੇਰੇ ਹੈ ਘਟ ਅੰਤਰ ਪੂਰਨਪੀਆ ॥
ਸਿਖਆ ਸਹੀ ਨਹੀਂ ਗਹੀ ਗੁਵਾਰ ਤੈਂ ਹੈ ਉਨਮਾਦ ਤੁਝੇ ਕੋਈ ਥੀਆ ॥
ਨਾ ਦਰਿਆਫਤ ਕੁਝ ਸਨਾਖਤ ਦਾਸ ਭਗਵਾਨ ਨਾ ਨਿਸਚਾਹੈਕੀਆ ॥

॥੨੫॥ ਸ੍ਵੈਯਾ ॥

ਪਾਣੀ ਪੈ ਬੂਰ ਜਿਉ ਖਾਈ ਬਿਖੇ ਮ੍ਰਿਗ ਕੂਦ ਪਿਆ ਬਿਚਜਾਣਅੰਗੂਰੀ ॥
ਗੋਤੇ ਖਾਇ ਅਪਾਰ ਹੈ ਕਸ਼ਟ ਲਹੇ ਤਬ ਸਮਝੀਹਕੀਕਤ ਨਾਜਬ ਪੂਰੀ ॥
ਭੋਗ ਰਹੱਸ ਰਮਣੀ ਪਛਾਣ ਲਹੇ ਮੇਰੇ ਰੂਪ ਏਹ ਕਸਟ ਕਰੂਰੀ ॥
ਦਾਸ ਭਗਵਾਨ ਤਾਂ ਕਰਮ ਕਰੋ ਜਬ ਮਰਮ ਲਹੋ ਪਹਲੇ ਤਿਸ ਜਰੂਰੀ ॥

॥੨੬॥ ਸ੍ਵੈਯਾ ॥

ਪ੍ਰਮਾਰਥ ਮਾਰਗ ਚਲ ਸਕੇ ਕਿਉਂ ਜਾਵਨ ਪੰਜ ਨਾ ਦੇ ਬਟਵਾਰੇ ॥
ਪਾਇਆ ਅਧੇਰ ਬਗੈਰ ਅੰਧੇਰ ਇਹੁ ਹੈਨ ਦੁਲੇਰ ਲੁਟੇਰ ਕਰਾਰੇ ॥
ਕਾਫਲਾ ਪਾਇ ਲੀਆ ਜਬ ਸੰਤਨ ਸੰਗ ਹੋ ਤਿਨਹਨ ਪੰਧ ਪਧਾਰੇ ॥
ਦਾਸ ਭਗਵਾਨ ਇਉਂ ਸਹੀਸਲਾਮਤ ਪੋਹੁਚ ਗਏ ਜਾਇ ਪਹੁਚਨ ਹਾਰੇ ॥

॥੨੭॥ ਸ੍ਵੈਯਾ ॥

ਜਾਂ ਤਨ ਪੈ ਕਰ ਗਰਬ ਰਹੇ ਹਮ ਤਾਂ ਤਨ ਬੀਚ ਹੈ ਕੋਣ ਬਡਾਈ ॥
ਹਾਡ ਤੇ ਮਾਸ ਔ ਨਾੜੀ ਕੋ ਪਿੰਜਰੁ ਪੰਖੀ ਹੂਆ ਬਿਚ ਦਾਖਲ ਆਈ ॥
ਅਰਬਾ ਇਨਾਸਰ ਮੇਲ ਭਇਆ ਜਬ ਆਤਮ ਮੱਧ ਭਈ ਰੁਸਨਾਈ ॥
ਦਾਸ ਭਗਵਾਂਨ ਨਾ ਮਾਣ ਕਰੋ ਥਿਰ ਰਹਣਾਨਹੀਂਕਲਬੂਤਇਹੁਭਾਈ ॥

॥੨੮॥ ਸ੍ਵੈਯਾ ॥

ਮਾਣਸ ਦੇਹ ਬਣੀ ਅਤ ਸੁੰਦਰ ਦੇਖ ਪਦਾਰਥ ਕੀ ਹੈ॥
ਦੇਹ ਹੱਡ ਮਾਸ ਕੀ ਹੈ ਮਲਮੂਤ੍ਰ ਕੋ ਨਵ ਦੁਆਰ ਮੈ ਸੁਚ ਨਾ ਦੀ ਹੈ॥
ਸੁੰਦ੍ਰ ਬਸਤ ਦ੍ਰਿਸਟ ਨ ਆਵਤ ਸੁੰਦ੍ਰ ਜਾਣ ਕਹ ਕਾਰਨ ਲੀ ਹੈ॥
ਬਾਂਤ ਜਥਾਰਥ ਹੈ ਪਰਮਾਰਥ ਦਾਸ ਭਗਵਾਂਨ ਏਹੁ ਸੁੰਦਰ ਜੀ ਹੈ॥

॥੨੯॥ ਸ੍ਵੈਯਾ ॥

ਔਧ ਘਟੇ ਨਰ ਰੋਜ ਬਰੋਜ ਹੀ ਚੋਜ ਕਰੇਂ ਮਨ ਭਾਵਤ ਕੈਸੇ॥
ਸੁਫਨ ਸ੍ਰਿਸਟ ਬਿਖੇ ਪੜ ਮੂਰਖ ਭੋਗੋਂ ਕੋ ਬਾਂਛਤ ਹੈਂ ਅਬ ਐਸੇ॥
ਸ੍ਰਪ ਕੇ ਮੂਹ ਬਿਖੇ ਪਿਆ ਦਾਦਰ ਮੱਛਰ ਖਾਣ ਕੋ ਚਾਹਤ ਜੈਸੇ॥
ਦਾਸ ਭਗਵਾਨ ਏਹ ਅਜਬਹੀ ਔਹਮਕ ਜਾਣਕੇ ਸਤ ਜੋ ਸੰਚਤ ਪੈਸੇ॥

॥੩੦॥ ਸ੍ਵੈਯਾ ॥

ਸ੍ਵੈ ਸਰੂਪ ਸਿਮਰਣ ਕਰੋ ਅਤੇ ਬਿਸੇ ਬਿਸਮਰਣ ਕੀਜੀਏ ਭਾਈ॥
ਬਿਸੇ ਬਿਸਮਰਣ ਬੋਧ ਹੋ ਜਾਇ ਸਰੂਪ ਬਿਸਮਰਣ ਸਾਰ ਗੁਵਾਈ॥
ਸਿਮਰੱਣ ਸਰੂਪ ਅਨੰਦ ਅਤੀ ਕਰ ਬਿਸੇਿਸਮਰਣਿ ਕਲਹਅਧਿਕਾਈ॥
ਦਾਸ ਭਗਵਾਨ ਵਿਗਿਆਨ ਲਹੋ ਜਹਨਿਹਾ ਸਿਮ੍ਰਣ ਬਿਸਮ੍ਰਣ ਕਾਈ॥

॥੩੧॥ ਸ੍ਵੈਯਾ ॥

ਪਾਇ ਅਟੱਲ ਅਚੱਲ ਸੋਊ ਜੋਉ ਦੇਸ ਅਛਲ ਅਮਲ ਅਨੂਪਾ॥
ਆਪਣਾ ਆਪ ਨਹੀਂ ਤਿਨ ਤਾਪ ਨਾ ਜਾਪ ਅਜਾਪ ਹੈ ਭੂਪਨ ਭੂਪਾ॥
ਐਨ ਅਪਾਰ ਨਾ ਪਾਰ ਉਰਾਰ ਨ ਸਾਰ ਅਸਾਰ ਹੈ ਸਾਰ ਸਰੂਪਾ॥
ਅਦ੍ਵੈ ਅਭੇਸ੍ਰੈ ਸੋਇ ਸੰਮਕ ਦਾਸ ਭਗਵਾਨ ਹੈ ਰੂਪ ਅਰੂਪਾ॥

॥੩੨॥ ਸ੍ਵੈਯਾ ॥

ਐਸੋ ਦੇਸ ਲਹਿਓ ਮਿਲ ਸੰਤਨਕੋ ਜਹ ਜਗ ਅਜੱਗ ਹੈਜਗਮਗ ਸਾਰਾ॥
ਹਿਜਰ ਕੇ ਬਾਬ ਹਿਸਾਬ ਨਹੀਂ ਨਹੀਂ ਖ੍ਵਾਬ ਅਜਾਬ ਨ ਬੈਨ ਬਕਾਰਾ॥

ਮਲਕਲ ਮੋਤ ਕਾਰੀਮ ਨਹੀਂ ਨਹੀਂ ਤੁੰਮ ਔ ਹਮ ਨ ਹਮ ਪਸਾਰਾ ॥
ਹਕ ਰਫੀਕ ਹਕੀਕਤ ਹੈ ਇਹੁ ਦਾਸ ਭਗਵਾਂਨ ਜੁ ਜਲਵਾ ਨਿਆਰਾ ॥

॥੩੪॥ ਸ੍ਵੈਯਾ ॥

ਹੈ ਪ੍ਰਕਾਸਕ ਆਪ ਇਹ ਲਾਸਕ ਹੋ ਕਰ ਆਸਕ ਕਹੁ ਖੁਦ ਨੂਰੀ ॥
ਮਾਲੋ ਹੋ ਮਾਲ ਲਖੇ ਖੁਦ ਹਾਲ ਅਨਲੱਹਕ ਕਹੁ ਹੋਕਾ ਦੇ ਮਨਸੂਰੀ ॥
ਬਾਤ ਹੈ ਔਰੁ ਕਰੋ ਕੁਝ ਗੋਰ ਫਿਰ ਔਰਨ ਤੇ ਤੋਰ ਨਾ ਭਾਖ ਗਰੂਰੀ ॥
ਕਰ ਈਮਾਂਨ ਇਹ ਦੇਖਲੈ ਜਾਨ ਹੈ ਦਾਸਭਗਵਾਂਨ ਜੋ ਜਲਵਾ ਜਰੂਰੀ ॥

॥੩੫॥ ਸ੍ਵੈਯਾ ॥

ਸਦਾ ਸਚਦਾ ਨੰਦ ਸਰੂਪ ਸਹੀ ਪ੍ਰੀਪੂਰਨ ਆਤਮ ਏਕ ਪਛਾਨੋ ॥
ਸਮਸਟੀ ਬਿਅਸਟੀ ਕਾ ਭੇਦ ਲਖੇ ਨਹੀਂ ਬੂੰਦ ਸਰੋਵਰਭਰਮ ਕੋਮਾਨੋ ॥
ਸੁਵੱਗ ਅਲਪੱਗ ਉਡਾਇ ਦੋਊ ਤਤਪਦ ਬ੍ਰਹਮ ਹੀ ਬ੍ਰਹਮ ਬਖਾਂਨੋ ॥
ਦਾਸ ਭਗਵਾਂਨ ਚਿਦਾਘਨ ਹੈ ਸੋਊ ਸਤ ਅਨੰਦ ਸਰੂਪ ਸਿਆਂਨੋ ॥

॥੩੬॥ ਸ੍ਵੈਯਾ ॥

ਗੋਸਪੰਦ ਔਗੁਰਗਤੋਗੁਰਬਾਔਮੁਰਗਮੇ ਮੌਜ ਦਿਲਾ ਦਿਲ ਮਾਲਕ ਏਕਾ ॥
ਗੋਰਖ ਰਾਗ ਜਗਾਇ ਜੁਗੋ ਨਨ ਸੂਕਰ ਸੁਆਨਨ ਏਕਹੀ ਟੇਕਾ ॥
ਗੰਗਾ ਗੋਦਾਵਰੀ ਗੋਮਤੀ ਗੋਕਲ ਗਇਆ ਗੁਫਾ ਗਿਰ ਗਹੇ ਬਬੇਕਾ ॥
ਘਟਾਮਟਾ ਅਕਾਸ ਸਭੀ ਮਹਾਂਕਾਸੁਮੇ ਦਾਸ ਭਗਵਾਨ ਹੈ ਏਕ ਅਨੇਕਾ ॥

॥੩੭॥ ਸ੍ਵੈਯਾ ॥

ੳਕਾਰ ਅਕਾਰ ਉਕਾਰ ਮਕਾਰ ਅਰਧ ਬਿੰਧੁ ਬਿਆਪਕ ਏਕ ਅਨੂਪਾ ॥
ਸਤਿ ਚਿਤ ਅਨੰਦ ਸਰੂਪ ਸਹੀ ਐਸੇ ਹੈ ਪ੍ਰੀਪੂਰਨ ਰੂਪ ਅਰੂਪਾ ॥
ਸਰਬ ਕਾਲ ਹੈ ਸਰਬਸਥਾਨਨ ਮੇ ਸੋਊ ਹੈ ਇਕ ਰਸ ਸਮੂਹਮਮ ਰੂਪਾ ॥
ਦਾਸ ਭਗਵਾਨ ਪਛਾਂਨ ਤਿਸੇ ਇਕ ਹੈ ਸਰਬੱਗ ਜੋ ਭੂਪਨ ਭੂਪਾ ॥

॥੩੮॥ ਸ੍ਵੈਯਾ ॥

ਮਲ ਬਿਖੇਪ ਆਵਰਨ ਏਹ ਤੀਨ ਪ੍ਰਤ ਬੰਧ ਅੰਤਹ ਕਰਨ ਮੇ ਜਾਂਨੋ ॥
ਮਲ ਨਵਿਰਤ ਹੈ ਨਿਰਮਲ ਕਰਮ ਬਿਖੇਪ ਨਵਿਰਤ ਉਪਾਸਨਾ ਮਾਨੋ ॥
ਆਵਰਨ ਨਿਵਿਰਤ ਗਿਆਂਨ ਭਇਆ ਸਹੀ ਹੋਇ ਸੁਤੰਤ੍ਰ ਸਾਚੁਸਿਆਨੋ ॥
ਜੀਵ ਬ੍ਰਹਮ ਕੀ ਏਕਤਾ ਮੇ ਹੁਣ ਦਾਸ ਭਗਵਾਨ ਕੀ ਭੇਦ ਪਛਾਨੋ ॥

॥੩੯॥ ਸ੍ਵੈਯਾ ॥

ਮਿਥਆ ਸੰਸਾਰ ਜੋ ਸੱਤ ਹੈ ਭਾਸਤ ਤਾਹਿ ਨਵਿਰਤੀ ਕੇ ਸਾਧਨ ਚਾਂਰੇ ॥
ਸਰਵਣ ਮੰਨਨ ਨਿਧਿਆਸਨ ਸੇ ਸਾਖਿਆਤ ਹੈ ਕਾਰ ਸਰੂਪ ਪਿਆਰੇ ॥
ਸੱਤ ਅਸੱਤ ਕੋ ਜਾਣ ਲੀਆ ਜਬ ਤਿਆਗ ਗ੍ਰੈਹਣ ਹੈ ਇਕ ਸਾਰੇ ॥
ਸਿਧ ਬਿਵਸਥਾ ਮੇ ਜੀਵਨ ਮੁਕਤ ਹੋ ਦਾਸ ਭਗਵਾਨਹੈਬਚਨਨਿਆਰੇ ॥

॥੪੦॥ ਸ੍ਵੈਯਾ ॥

ਮਾਲਕ ਮੋਜ ਮਹੱਬਤ ਹੈ ਜੋਊ ਹੈ ਸੂਬਤ੍ਰ ਮਮ ਸਰੂਪਾ ॥
ਬੇਦ ਪੁਰਾਂਨ ਕਤੇਬ ਕੁਰਾਂਨ ਏਹੁ ਕਰ ਹੈਂ ਸਭ ਮੇਰੀ ਹੀ ਊਪਾ ॥
ਹਰ ਹਰ ਹਾਲ ਮੇ ਹੱਕ ਜਮਾਲ ਹੈ ਖਾਸ ਖਿਆਲ ਮੇਂ ਰੂਪ ਅਰੂਪਾ ॥
ਦਾਸ ਭਗਵਾਂਨ ਇਹੁ ਰਮਜ ਪਛਾਂਨ ਬਵਸਥਾਬਿਗਿਆਂਨਹੈਂਭੂਪਨਭੂਪਾ ॥

॥੪੧॥ ਸ੍ਵੈਯਾ ॥

ਹੇ ਮੇਰੇ ਰੂਪ ਦੇਓਂ ਤੁਝੇ ਕੀ ਉਪਮਾ ਨਹੀਂ ਤੋ ਭਿਨ ਦੂਸਰਔਰਕੋਥੀਆ ॥
ਬਿਓ ਮਸਮੀਰ ਔਨਾਰ ਹੈ ਅੰਭਰੀਧ ਪੰਚਨ ਮੇ ਨਹੀਂ ਚੇਤਨੋ ਥੀਆ ॥
ਸਬਜੀ ਸੁਫੈਦੀ ਔ ਸੁਰਖੀ ਸਿਆਹੀ ਹੈਜਰਦੀਕੇ ਬੀਚ ਨਹੀਹੋਰੁਜੀਆ ॥
ਤੇਰੇ ਹੀ ਆਸਰੇ ਦਮਕਾਂ ਅਨੇਕਹੈਂ ਦਾਸਭਗਵਾਂਨ ਸਿਧਾਂਤ ਇਹੁਲੀਆ ॥

॥੪੨॥ ਸ੍ਵੈਯਾ ॥

ਆਬਤੇਬਾਦਔਆਤਸਖਾਕਅਕਾਸਖਾਕਅਕਾਸਮਿਲੇਬਿਚਆਪਿਹੋਇਸੀਰੀ॥
ਪ੍ਰਾਂਨ ਉਪਾਨ ਬਿਆਂਨ ਉਦਾਂਨ ਸਮਾਂਨ ਹੁਈ ਪੰਜ ਪੌਣ ਕੀ ਧੀਰੀ ॥

ਆਪਸ ਬੀਚ ਬਜੋਗ ਹੁਆ ਜਬ ਖੁਲ ਗਈ ਤਬ ਪ੍ਰਾਨ ਜੰਜੀਰੀ ॥
ਦਾਸ ਭਗਵਾਂਨ ਅਖੰਡ ਹੈ ਆਤਮ ਰੰਚਕ ਮਾਨੁ ਨਹੀਂ ਦਿਲਗੀਰੀ ॥

॥੪੩॥ ਸ੍ਵੈਯਾ ॥

ਏਕ ਅਕਾਲ ਅਜਾਲ ਗੋਪਾਲ ਇਹ ਹਰ ਹਰ ਹਾਰ ਸੰਭਾਲ ਫਕੀਰਾ ॥
ਹੈ ਸਤਿ ਚਿਤ ਅਨਿਤਨਾਨਿਤ ਇਹੁ ਆਤਮ ਬਿਤ ਲੈ ਪਾਇ ਜਖੀਰਾ ॥
ਸਚ ਅਨੰਦ ਇਹ ਹੈ ਨਿਰਦ੍ਵੰਦ ਨਹੀਂ ਜਹ ਦ੍ਵੰਦਨਾ ਅਟਕ ਜੰਜੀਰਾ ॥
ਦਾਂਸਭਗਵਾਂਨਬਿਵਸਥਾਬਿਗਆਨਨਾਗਿਆਨਅਗਿਆਨਨਣੀਗੁਰਪੀਰ॥

॥੪੪॥ ਸ੍ਵੈਯਾ ॥

ਹੈ ਸੰਸਾਰ ਵਿਖੇ ਦੋਊ ਮਾਰਗ ਨਾਮ ਗ੍ਰਿਹਸਤ ਅਤੀਤ ਅਲਾਯੋ ॥
ਧਰਮ ਇਨਾ ਬਖੋ ਬਖ ਕਹੇ ਪ੍ਰਬਿਰਤ ਨਵਿਰਤ ਕਾਂ ਭੇਦ ਲਖਾਯੋ ॥
ਜਿਸ ਮਾਹਿ ਸਾਮਲ ਤਿਸ ਕੇ ਹੀ ਆਮਲ ਹੋਕਰ ਕਾਮਲ ਖੂਬ ਕਮਾਯੋ ॥
ਦਾਸ ਭਗਵਾਨ ਪਛਾਂਣ ਕੇ ਆਪ ਕੋ ਦਾਨਸਮੰਦ ਤਾਂ ਫੇਰ ਕਹਾਯੋ ॥

॥੪੫॥ ਸ੍ਵੈਯਾ ॥

ਸੂਰਤ ਦੇਖ ਕਿਉਂ ਫੂਲ ਰਿਹੋਂ ਏਹੁ ਬਨਿਆਂ ਨਦਾਂਨ ਹੈਕਾਲ ਚਬੀਣਾ ॥
ਜਿਸ ਜੁਆਨੀਕਾ ਮਾਂਣ ਕਰੇਂ ਸਠ ਭੀਤਰ ਆਜ ਕਿ ਕਾਲ ਕੇ ਖੀਣਾ ॥
ਚਾਮਤਕਾਰ ਜਿਉ ਦਾਮਨ ਕਾ ਤਿਉਂ ਹੋਵਣਹਾਰ ਸਸੀਰ ਹੈ ਲੀਣਾ ॥
ਦਾਸ ਭਗਵਾਨ ਹੈ ਖਾਕ ਸਭੀ ਅਜੇ ਮੂਰਖ ਦੇਖ ਨਾ ਠੀਕ ਪਤੀਣਾ ॥

॥੪੬॥ ਸ੍ਵੈਯਾ ॥

ਕਾਲ ਕਲਵਤ੍ਰ ਸੀਸ ਪੈਖੜਕਤ ਕੜਕਤ ਬੀਰ ਨਾਂ ਜਾਵਤ ਪੇਸੋ ॥
ਬਾਲਕ ਬਿਰਧ ਜੁਆਂਨ ਪ੍ਰਾਨ ਨ ਸਾਂਨ ਗਵਾਵਤ ਕਾਰ ਹਮੇਸੋ ॥
ਹੋਇ ਭਿਆਨਕ ਆਣ ਅਚਾਨਕ ਦੇਤ ਦਖਾਲੀ ਜਾਂ ਹੋਤ ਅੰਦੇਸੋ ॥
ਦਾਸ ਭਗਵਾਂਨ ਨਹੀਂ ਬਸ ਜਾਵਤ ਪਾਸ ਤਮਾਮ ਰਹ ਜਾਵਤ ਖੇਸੋ ॥

॥੪੭॥ ਸ੍ਵੈਯਾ ॥

ਆਲਿ ਉਲਾਦਿ ਸਭੀ ਬ੍ਰਬਾਦਿ ਨਹੀਂ ਕਰ ਯਾਦ ਇਹ ਖ਼ਾਂਨ ਕਲੇਸਾ ॥
ਔਰਤ ਪੁਤ੍ਰ ਔਰ ਕਲਤ੍ਰ ਮਿਤ੍ਰ ਜ਼ਾਣ ਨਾ ਪੂਛ ਸੰਦੇਸਾ ॥
ਬਾਪ ਬਰਾਦ੍ਰ ਹੈ ਜੋਈ ਮਾਦਰ ਡੋਬਣ ਹਾਰ ਇਹ ਪੂਰ ਕੁਦੇਸਾ ॥
ਦਾਸ ਭਗਵਾਂਨ ਚਲੋ ਅਬ ਸੰਭਲ ਸੇਸ ਸਿਆਣ ਕਰੋ ਪ੍ਰਵੇਸਾ ॥

॥੪੮॥ ਸ੍ਵੈਯਾ ॥

ਕਾਮ ਕ੍ਰੋਧ ਤੇ ਲੋਭ ਔ ਮੋਹਿ ਹੰਕਾਰ ਏਹ ਪ੍ਰਬਲ ਪੰਜ ਹੀ ਛਾਇਓ ॥
ਜੋ ਜਬ ਆਵਤ ਹੁਕਮ ਚਲਾਵਤ ਈਨ ਮਨਾਵਤ ਹੈ ਅਧਕਾਇਓ ॥
ਜੋ ਇਨ ਤਾਲਬ ਤਿਨ ਪਰ ਗਾਲਬ ਨਾਹਿਮੁਤਾਲਬਤਹਿਸੁਖੁਪਾਇਓ ॥
ਦਾਸ ਭਗਵਾਨ ਅਜਾਦ ਰਹੋ ਦਿਲ ਸਾਦ ਕੁਸਾਦ ਅਨਾਦ ਸਮਾਇਓ ॥

॥੪੯॥ ਸ੍ਵੈਯਾ ॥

ਕਾਮ ਕਮਾਂਣ ਕੇ ਤੀਰ ਹੈਂ ਤੀਛਨ ਕਾਮ ਕਰੀੜ ਕੇ ਬੀਚ ਨਾਂ ਜਾਯੋ ॥
ਦੀਨ ਹੁਆ ਗਜ ਅੰਕਸ ਖਾਵਤ ਪਾਵਤ ਕਸਟ ਜੋ ਭੇਦ ਨ ਪਾਯੋ ॥
ਸਹੰਸ ਭਗਾਂ ਹੋਈ ਇੰਦ੍ਰ ਕੇ ਜਬ ਗੌਤਮ ਕੇ ਬਿਭਚਾਰ ਕਮਾਯੋ ॥
ਕਾਮ ਕੇ ਬਾਣ ਲਗੇ ਭਸ ਮੰਤ੍ਰ ਦਾਸ ਭਗਵਾਂਨ ਨਹੀਂ ਮੁੜ ਆਯੋ ॥

॥੫੦॥ ਸ੍ਵੈਯਾ ॥

ਹੈ ਮੰਦ ਰੀਤ ਕਰੋਧ ਕੀ ਬਾਲਕ ਏਸ ਚੰਡਾਲ ਕੇ ਬੀਚ ਨਾ ਆਯੋ ॥
ਕਾਲੀ ਕਰੋਧ ਕੀਓਜਬਹੈ ਤਬ ਸਾਵਲ ਰੂਪ ਸੇ ਨਕ ਛਿਦਾਯੋ ॥
ਨਖਹ ਬਿਦਾਰ ਹੂਆ ਹਰਨਾਖਸ ਹੈ ਜਬ ਕਰੋਧ ਕੀ ਤੇਗ ਉਠਾਯੋ ॥
ਦਾਸ ਭਗਵਾਨ ਕ੍ਰੋਧ ਕੀਓ ਜਿਨ ਆਖਰ ਬਾਰ ਸੋ ਹੈ ਪਛਤਾਯੋ ॥

॥੫੧॥ ਸ੍ਵੈਯਾ ॥

ਲੈਹਰ ਲੋਭ ਕੀ ਕੈਹਰ ਹੈ ਨਰ ਜੈਹਰ ਜਾਣ ਨਾਂ ਚਿਤ ਲੁਭਾਯੋ ॥
ਜੋਊ ਪਿਆ ਬਚ ਲੋਭ ਕੇ ਬੈਹਰ ਗਰਕ ਹੂਆ ਨਹੀਂ ਬਾਹਿਰ ਆਯੋ ॥

ਕਾਰੂੰ ਪ੍ਰੀਤ ਕਰੀ ਜਬ ਲਾਲਚ ਧਰਨੀ ਕੇ ਬੀਚ ਓਹੁ ਕੋਸ ਗਡਾਯੋ ॥
ਉਡਣ ਹਾਰ ਜਨਾਵਰ ਕੋ ਹੁਣ ਦਾਸ ਭਗਵਾਂਨ ਹੈ ਲੋਭ ਪਸਾਯੋ ॥

॥੫੨॥ ਸ੍ਵੈਯਾ ॥

ਮੋਹ ਕਾ ਜਾਲੁ ਅਤੀ ਦੁਖਦਾਇਕ ਲਾਇਕ ਹੋ ਨਹੀਂ ਨੇਹੁ ਲਗਾਯੋ ॥
ਮੋਹਿ ਬਰਾਂਨ ਕੀਓ ਨੰਦ ਮੈਹਰ ਕਾਂਨ ਨਹੀਂ ਜਬ ਲੋਟ ਕੇ ਆਯੋ ॥
ਦਸਰਥ ਪ੍ਰਾਣ ਤਜੇ ਇਸ ਕਾਰਨ ਲਛਮਣ ਰਾਮ ਜਾਂ ਬਨ ਸਧਾਯੋ ॥
ਦਾਸ ਭਗਵਾਂਨ ਸੀਆ ਛਲੀ ਰਾਵਣ ਰਾਮ ਸਰੀਖੇ ਭੀ ਮੋਹਿ ਰੁਆਯੋ ॥

॥੫੩॥ ਸ੍ਵੈਯਾ ॥

ਬਹੁ ਬਿਕਾਰ ਹੰਕਾਰ ਵਿਖੇ ਇਸ ਬੀਚ ਅੰਧੇਰੀ ਕੇ ਨਾ ਉਰਝਾਇਓ ॥
ਕੰਸ ਹੰਕਾਰ ਭਈ ਦਸਾ ਕੇਸੀਕੁ ਸਿਆਮ ਜਬੇ ਧਰ ਪੈ ਪਟਕਾਯੋ ॥
ਅਹੰਕਾਰ ਕੀਤਿ ਦਰਜੋਧਨ ਨੇ ਜਬ ਕੌਰਬ ਕੁਲ ਤਬੀ ਘਬਰਾਯੋ ॥
ਦਾਸ ਭਗਵਾਨ ਨਾ ਤੁਖਮਰਿਹੋਫਿਰਿ ਆਪ ਕੋ ਆਪਹੀ ਆਪ ਬੰਧਾਯੋ ॥

॥੫੪॥ ਸ੍ਵੈਯਾ ॥

ਇਹੁ ਕਰਤੂਤ ਹੈ ਪੰਚਨ ਕੀ ਜੋਈ ਪੀਛੇ ਮੁਸਨਫ ਆਖ ਸੁਨਾਯੋ ॥
ਗੁਣ ਦੋਖ ਵਿਚਾਰ ਕੇ ਇਨਹਨ ਕੇ ਪ੍ਰਵਿਰਤ ਕਹੀਂ ਨਿਰਲੇਪ ਰਹਾਯੋ ॥
ਮਰਕਟ ਵਾਂਗ ਨਹੀਂ ਬਣ ਮੂਰਖ ਲੰਪਟ ਹੋ ਕਰ ਜਨਮ ਗਵਾਯੋ ॥
ਦਾਸਭਗਵਾਨ ਫੜੋ ਅਬ ਇਸਥਿਤਿ ਜਾਣ ਸਰੂਪ ਬਿਲੰਬ ਨਾ ਲਾਯੋ ॥

॥੫੫॥ ਸ੍ਵੈਯਾ ॥

ਸਾਂਝ ਸਵੇਰ ਬਿਸਾਰ ਨਹੀਂ ਖਿਨ ਨਾਮੁ ਜਪੋ ਨਰ ਬੰਨਕੇ ਪਰੀਆ ॥
ਸਾਸ ਹੀ ਸਾਸ ਨਿਵਾਸ ਕਰੋ ਮਨ ਐਸੀ ਮਿਲੇ ਨਹੀਂ ਬਹੁੜ ਬਰੀਆ ॥
ਜਾਂਗ ਅਭਾਗ ਇਹ ਨਿਹਫਲ ਜਾਵਤ ਦੁਰਲਭ ਮਾਨੁਖਦੇਹ ਸਜਰੀਆ ॥
ਦਾਸ ਭਗਵਾਨ ਨਾਜੇਬਣਆਵਤਤਉ ਭਜ ਸਾਹਿਬੁ ਏਕ ਹੀ ਘਰੀਆ ॥

॥੫੬॥ ਸ੍ਵੈਯਾ ॥

ਹਸਤੀ ਤੇ ਚੀਟੀ ਐ ਤ੍ਰਿਣ ਲੌ ਆਦਕ ਹੋਇ ਰਿਹਾ ਪ੍ਰਫੁਲਤ ਏਕੋ ॥
ਬਰਨ ਨਾ ਚੇਹਨ ਹੈ ਪਿਰ ਪੂਰਨ ਸਾਰ ਸਿਞਾਨਣ ਸੇ ਨਰ ਨੇਕੋ ॥
ਧੁਨ ਅਨਾਹਦ ਸੁਣੀਏ ਜੇ ਜਾਹਦ ਤੇ ਫਿਰ ਹੋਵਤ ਠੀਕ ਬਬੇਕੋ ॥
ਦਾਸ ਭਗਵਾਂਨ ਨਾ ਭੇਦ ਕਛੂ ਪ੍ਰਭ ਬਿਆਪ ਰਿਹਾ ਸਹੀ ਏਕ ਅਨੇਕੋ ॥

॥੫੭॥ ਸ੍ਵੈਯਾ ॥

ਜਗਤੁ ਸਭੀ ਜਗਦੀਸਰ ਮੇਂ ਜਗਦੀਸਰ ਹੈ ਜਗ ਮਾਹਿ ਸਮਾਯੋ ॥
ਗੁਪਤ ਐ ਪ੍ਰਗਟ ਬਿਆਪਕ ਘਟ ਘਟ ਬਾਤਨ ਜਾਹਰ ਭੇਦ ਰਖਾਯੋ ॥
ਹੈ ਸ੍ਵੱਗ ਨਹੀਂ ਅਲਪੱਗ ਜਾਂ ਹੋਇ ਤਾ ਤਗਤਾਂ ਮਗ ਕੋ ਪਾਯੋ ॥
ਦਾਸ ਭਗਵਾਂਨ ਹੈ ਸੀਝਗਿਓ ਜਬ ਮੀਨ ਐ ਮੇਖ ਨ ਰੇਖ ਰਹਾਯੋ ॥

॥੫੮॥ ਸ੍ਵੈਯਾ ॥

ਹੈ ਦਰਵੇਸ ਕਲੇਸ ਕਿਉਂ ਪਾਵਤ ਸਵਝਕੇ ਦੇਖ ਕੀ ਬਾਤ ਫਕੀਰੀ ॥
ਮੀਰ ਵਜੀਰ ਕੇ ਬੀਚ ਸ੍ਰੋਮਣ ਸਪਤ ਹੀ ਦੀਪ ਨੌ ਖੰਡ ਜਗੀਰੀ ॥
ਸਾਹਿਨਸਾਹਿ ਹੋ ਪੋਟ ਉਠਾਵਤ ਖਾਵਤ ਸੂਮ ਨਾਹਿ ਦਿਲਗੀਰੀ ॥
ਦਾਸ ਭਗਵਾਂਨ ਅਜਾਣ ਕਿਉ ਹੋਵਤਪਾਇਆਪਛਾਣੁਨਹੀਂ ਕਰੁਕੀਰੀ ॥

॥੫੯॥ ਸ੍ਵੈਯਾ ॥

ਹੈ ਕਬ ਬੀਚ ਓਹ ਬੰਧਨ ਆਵਤ ਜੋ ਨਿਰ ਬੰਧ ਫਕ੍ਰੀਰ ਸਨਾਸੀ ॥
ਹਾਥ ਉਠਾਇ ਸੰਧਉਰਾ ਲੀਓ ਜਬ ਫੇਰ ਕਿਉਂ ਲੋਟਤ ਹੈਸਤੀ ਖਾਸੀ ॥
ਜਾਣ ਬਿਰਸ ਤਿਆਗ ਪਦਾਰਥ ਪਾਵਤ ਹਾਥ ਕਰੇ ਜਗੁ ਹਾਸੀ ॥
ਦਾਸ ਭਗਵਾਂਨ ਨਹੀਂ ਫਸ ਬੈਠਤ ਬੇਪਰਵਾਹਿ ਜੋ ਬ੍ਰਿਤ ਅਕਾਸੀ ॥

॥੬੦॥ ਸ੍ਵੈਯਾ ॥

ਭੇਖ ਕੀ ਰੇਖ ਨਾਂ ਰਿਜਮ ਰਹੀ ਜਬ ਉਠ ਗਈ ਦਿਲੋਂ ਸਾਬਤ ਹਸਤੀ ॥
ਨਾਹਿ ਫਕੀਰ ਕਾ ਦੇਸੁ ਰਿਹਾ ਅਰੁ ਨਾਹਿ ਫਕੀਰ ਕੀ ਹੈ ਰਹੀ ਬਸਤੀ ॥

ਜਾਤ ਸਫਾਤ ਮੇਂ ਧਿਆਨੁ ਧਰੇ ਜਬ ਨਾਹਿ ਫਕੀਰ ਤਉ ਹੈ ਗ੍ਰਿਸਤੀ ॥
ਦਾਸ ਭਗਵਾਨ ਜੇ ਝਾਕ ਕਰੇ ਤਬ ਨਾਹਿ ਸਨਾਸ ਉਦਾਸ ਹੈ ਫਸਤੀ ॥
॥੬੧॥ ਸ੍ਵੈਯਾ ॥
ਵਰਨ ਆਸ਼ਰਮ ਕੇ ਕੂਕਰ ਜੋ ਕਦੇ ਭੁਲ ਨਿਦਾਨ ਨਾ ਤਿਨਪਹਿ ਜਾਯੋ ॥
ਹੋਇ ਇਤਫਾਕਨ ਮੇਲੁ ਕਭੀ ਤਬ ਉਨਕੀ ਸੁਣੋ ਨਾਹਿ ਆਪ ਸੁਣਾਯੋ ॥
ਸਤ ਹੀ ਸਤ ਕਾ ਵਣਜੁ ਕਰੋ ਨਹੀਂ ਬੰਧ ਗਿਆਨੀ ਸੇ ਮਗਜ ਖਪਾਯੋ ॥
ਦਾਸ ਭਗਵਾਂਨ ਨਾ ਬੋਧ ਜਿਸੇ ਤਿਸੇ ਜੁਤ ਕਰ ਦੂਰ ਸੇ ਸੀਸ ਨਿਵਾਯੋ ॥
॥੬੨॥ ਸ੍ਵੈਯਾ ॥
ਬਾਝ ਬਰਾਗ ਗਿਆਨ ਨਾਂ ਹੋਵਤ ਬਾਝੁ ਬਬੇਕ ਮਮੋਖ ਨਾਂ ਜਾਨੀ ॥
ਸਮ ਬਾਝ ਨਹੀਂ ਮਨ ਸੀਤ਼ਲ ਹੈ ਦਮ ਬਾਝ ਨਹੀਂ ਨਰਹੋਵਤਗਿਆਨੀ॥
ਬਾਝ ਸੰਤੋਖ ਨਹੀਂ ਸੁਖੁ ਪਾਵਤ ਸੁਹਬਤ ਬਾਝ ਨਾਂ ਸੋਭਤ ਬਾਂਨੀ ॥
ਦਾਸ ਭਗਵਾਨਨਾਂਧਰਮੁਦਇਆ ਬਿਨੁ ਬਾਝ ਖਿਮਾ ਨਾਹਿਤਪਬਖਾਂਨੀ ॥
॥੬੩॥ ਸ੍ਵੈਯਾ ॥
ਨੀਰ ਬਿਨਾਂ ਨਾਹਿ ਸੋਭ ਸਰੋਵਰ ਰੰਗ ਬਿਨਾਂ ਨਾਹਿ ਅੰਗ ਸੁਖਾਨੀ ॥
ਪ੍ਰੇਮ ਬਿਨਾ ਨਾਹਿ ਮਾਨਸ ਸੋਭਤ ਤਰਕਸ ਨਾ ਬਿਨ ਤੀਰ ਸੁਹਾਨੀ ॥
ਪੁਸ਼ਪੋਂ ਕੀ ਪੰਕਤ ਕਹੁ ਕਬ ਸੋਭਤ ਜੋ ਬਿਚ ਰੀਧ ਨਹੀਂ ਮਧਰਾਨੀ ॥
ਦਾਸ ਭਗਵਾਂਨ ਨਦਾਨ ਸਹੀ ਐਸੇ ਬੋਧ ਬਿਨਾ ਨਾਹਿ ਸੋਭ ਪ੍ਰਾਨੀ ॥
॥੬੪॥ ਸ੍ਵੈਯਾ ॥
ਸੁੰਞ ਭਏ ਬਿਨਾਂ ਫਲ ਜਿਉਂ ਤਰਵਰ ਸੀਰ ਬਿਨਾਂ ਜੈਸੇ ਖੀਰ ਰਧਾਨੀ ॥
ਚੰਦ ਬਿਨਾ ਜੈਸੇ ਸੁੰਞ ਭਇ ਨਿਸ ਖੂਹ ਬਿਨਾਂ ਜੈਸੇ ਜੂਹ ਬਰਾਨੀ ॥
ਤੇਲ ਬਿਨਾਂ ਜੈਸੇ ਦੀਪਕ ਹੈ ਸੁੰਞ ਰੂਹ ਬਿਨਾ ਕਲਬੂਤ ਸਰਾਨੀ ॥
ਦਾਸ ਭਗਵਾਂਨ ਨਾਨਾਂਮੁਜਪੇਨਰ ਇਹ ਸਹੀ ਜਾਣ ਲੈ ਸੁੰਞ ਨਿਸਾਨੀ ॥

॥੬੫॥ ਸ੍ਵੈਯਾ ॥

ਬਾਝ ਹੀ ਰੰਗ ਰੰਗਰੇਜ ਨਹੀਂ ਅਰ ਬਾਝ ਦੁਲਹੁ ਨਹੀਂ ਜੰਞ ਸੁਹਾਏ ॥
ਬਾਝ ਜਲਾ ਨਹੀਂ ਕਵਲ ਜੋ ਹੋਵਤ ਬਾਝ ਸੁਗੰਧ ਨਾ ਭੌਰ ਬਸਾਏ ॥
ਬਾਝ ਪੜੇ ਨਹੀਂ ਪੰਡਿਤ ਹੈ ਜਿਉਂ ਬਾਝ ਰਸਾ ਨਹੀਂ ਫਲ ਸੁਖਾਏ ॥
ਦਾਸ ਭਗਵਾਨ ਬਖਾਂਨ ਕਹੇ ਐਸੇ ਬਾਝ ਬਰਾਗ ਨਾਂ ਸਾਧ ਜਸਾਏ ॥

॥੬੬॥ ਸ੍ਵੈਯਾ ॥

ਏਕ ਅਲੇਖ ਨਹੀਂ ਜਹ ਰੇਖ ਓਹੁ ਪੇਖ ਹਮੇਸ ਪ੍ਰੇਮ ਪਿਆਰੋ ॥
ਦੇਖ ਬਬੇਕ ਬਸੇਖ ਰਹੇ ਜੋਊ ਸੇਖ ਅਸੇਖ ਸੋਊ ਦਿਲਾਰੋ ॥
ਤੀਨ ਤਬਾਦਸ ਪੌਣ ਇਕਾਗਰ ਪ੍ਰਾਂਨ ਉਪਾਂਨ ਕੀ ਗਤ ਢਿਚਾਰੋ ॥
ਦਾਸ ਭਗਵਾਨ ਨਾਂ ਫਰਕੁ ਰਹੇ ਜਬ ਸ੍ਵੈ ਪ੍ਰਕਾਸਕ ਹੈ ਨਿਰਕਾਰੋ ॥

॥੬੭॥ ਸ੍ਵੈਯਾ ॥

ਗਾਫਲ ਸੋਇ ਰਹਿਓਂ ਜਾਗਤ ਲਾਗਤ ਪੰਜ ਤੋਹਿ ਬਟਵਾਰੇ ॥
ਲੂਟਤ ਮੂਠਤ ਠੌਰ ਮਚਾਵਤ ਭਾਗਤ ਹੈਂ ਰਤੀ ਨੈਨ ਉਘਾਰੋ ॥
ਸਾਰ ਲਵੇਂ ਕਰ ਹਿਮਤ ਜੇ ਅਬੀ ਰਾਖਤ ਹੈਂ ਸਭ ਹੀ ਘਰ ਬਾਰੋ ॥
ਦਾਸ ਭਗਵਾਂਨ ਨਾ ਬਖਤ ਮਿਲੇ ਇਹੁ ਪਾਵ ਪਸਾਰਕੇ ਬਾਜੀਨਾਹਾਰੋ ॥

॥੬੮॥ ਸ੍ਵੈਯਾ ॥

ਭਾਗ ਕੁਸੰਗ ਸੇ ਦੂਰ ਜਾਓ ਸਠ ਸਾਕਤ ਸੰਗ ਨਾ ਠੀਕ ਸਹੀ ॥
ਦੂਧ ਪਲਾਵਤ ਰਹੁ ਨਿਸਬਾਸਰ ਹੋਵਤ ਨਾਹਿ ਸੁਹਿਰਦੇ ਅਹੀ ॥
ਬੇਰੀ ਕੁਸੰਗ ਭਇਆ ਕਦਲੀ ਉਸ ਕੈਸੀ ਮੁਰਾਂਦ ਹੈ ਆਣ ਲਹੀ ॥
ਦਾਸ ਭਗਵਾਂਨ ਓਹੁ ਝੂਲਤ ਹੈ ਓਹੁ ਦੇਖ ਨਦਾਨ ਹੈ ਛੇਦ ਰਹੀ ॥

॥੬੯॥ ਸ੍ਵੈਯਾ ॥

ਨਾਮੁ ਬਿਨਾਂ ਕਿਸੇ ਕਾਮ ਨਹੀਂ ਨਰ ਮਾਣ ਕਰੇ ਸਠ ਜੋਬਨ ਦਾ ॥
ਜੋਰ ਜੁਆਨੀ ਇਹ ਖੇਹ ਵਿਚ ਰੁਲਕਰ ਜੀਵ ਚੁਰਾਸੀ ਦੇ ਹੋਵਨ ਦਾ ॥

ਹੰਸਤ ਹੰਸਤ ਫੰਸਤ ਹੈ ਨਹੀਂ ਚੀਤ ਧਰੇ ਸਮਾ ਰੋਵਨ ਦਾ ॥
ਦਾਸ ਭਗਵਾਂਨ ਨਾ ਫੇਰ ਮਿਲੇ ਬੇਲਾ ਨਾਮ ਨਰੰਜਨ ਬੋਵਨ ਦਾ ॥

॥੭੦॥ ਸ੍ਵੈਯਾ ॥

ਸੂਰਤ ਦੇਖ ਗਰੂਰਤ ਨਾਂ ਕਰ ਰੋਜ ਬਰੋਜ ਇਹ ਹੋਤ ਪੁਰਾਨੀ ॥
ਤਿਰੱਯਰ ਔਰਤ ਬੱਦ ਲਊ ਪਰ ਹਾਲਤ ਏਕ ਪੈ ਨਾਹਿਨ ਦਾਨੀ ॥
ਨਹੀਂ ਰਖ ਜਰੂਰਤ ਮੂਰਤ ਕੀ ਇਹੁ ਸਮਝ ਜਰੂਰ ਧੂਰ ਨਿਸਾਨੀ ॥
ਦਾਸ ਭਗਵਾਨ ਹੋ ਤਾਲਬ ਕਾਲਬ ਤਰਕਸਤਾਬ ਲਜਾਤ ਜੁਵਾਨੀ ॥

॥੭੧॥ ਸ੍ਵੈਯਾ ॥

ਅੰਗ ਕੋ ਦੇਖ ਉਮੰਗ ਨਹੀਂ ਕਰ ਸਚ ਨਜਾਣ ਇਹ ਰੰਗ ਪਤੰਗੀ ॥
ਦੇਖ ਹਿਸਾਬ ਸੇ ਆਬ ਹਬਾਬ ਕੋ ਨਾਹਿ ਬਕਾ ਕੀਏ ਕੋਟ ਬਦੰਗੀ ॥
ਮਲਕਤ ਮੌਤ ਕੀ ਗਸਤ ਤਲੇ ਗਏ ਖਾਇ ਸਿਕਸਤ ਹੋ ਖਸਤ ਫਰੰਗੀ ॥
ਦਾਸ ਭਗਵਾਂਨ ਅਜਾਦ ਹੂਏ ਦਿਲ ਸੋਕ ਸੇ ਫੋਕ ਕੋ ਲੈ ਯਕਰੰਗੀ ॥

॥੭੨॥ ਸ੍ਵੈਯਾ ॥

ਦੇਖ ਵਲਾਇਤ ਛੋਦ ਸਕਾਇਤ ਸਮਝਿ ਹਿਦਾਇਤ ਆਕਲ ਭਾਈ ॥
ਦਾਖਲ ਬੀਚ ਜਮਾਇਤ ਆਰਫ ਹੋ ਕਰ ਆਸਕ ਲੈ ਰੁਸਨਾਈ ॥
ਹੋਇ ਸਰੂਰ ਜਰੂਰ ਸਹੀ ਜਬ ਨੂਰ ਗਫੂਰ ਸੇ ਹੋਤ ਬੀਨਾਈ ॥
ਦਾਸ ਭਗਵਾਨ ਤਾਂ ਚਸਮ ਖੁਲੇ ਕਰੇ ਸਾਥਪਨਾਹਿਜੇ ਇਹੁ ਅਸਨਾਈ ॥

॥੭੩॥ ਸ੍ਵੈਯਾ ॥

ਏ ਦਿਲਦਾਰ ਸੁਣੋ ਗੁਫਤਾਰ ਦਾਤਾਰ ਸਤਾਰ ਕੋ ਨਾਹਿ ਭੁਲਾਵੋ ॥
ਸਬਰੋਜ ਪਰਸਤਸ ਕਰਤਰਹੋ ਨਹੀਂ ਬੀਚ ਸੈਤਾਨ ਕੀ ਗਰਦਸ ਆਵੋ ॥
ਹੋਵਤ ਜਾਤ ਗੁਜਸਤ ਜੋ ਵਕਤ ਨਾਂ ਦਸਤ ਮੇਂ ਆਵਤ ਹਸਤਠ ਰਾਵੋ ॥
ਦਾਸ ਭਗਵਾਂਨ ਰੇ ਹੋਸ ਕੇ ਗੋਸ ਸੇ ਸੁਖਨ ਸੁਣੋ ਪਸ ਪੇਸ ਗੁਵਾਵੋ ॥

॥੭੪॥ ਸ੍ਵੈਯਾ ॥

ਸਬਦ ਸਰੋਤ ਕਰੋ ਨਿਸਬਾਸਰ ਸਬਦ ਸਮਾਂਨ ਨਾ ਹੋਰ ਅਚਾਰਾ ॥
ਕੇਤਕ ਭਾਖ ਕਰੋਂ ਉਪਮਾਂ ਗੁਣ ਸਕਤ ਹੈਂ ਸਬਦ ਕੇ ਅਪਰ ਅਪਾਰਾ ॥
ਤਮਸੀਲ ਕਹੂੰ ਕੁਝ ਸਮਝਨਕਾਰਨ ਕੀਟ ਨੇਭ੍ਰਿੰਗ ਕਾ ਸਬਦ ਬੀਚਾਰਾ ॥
ਦਾਸ ਭਗਵਾਂਨ ਭ੍ਰਿੰਗਭਇਆ ਸੁਣ ਸਬਦ ਹੈ ਜੀਵ ਸੇ ਬ੍ਰਹਮ ਬੰਗਾਰਾ ॥

॥੭੫॥ ਸ੍ਵੈਯਾ ॥

ਗਰੀਬ ਕੋ ਗੀਰਬਗੀਰ ਕਰੋ ਅਰ ਪੰਚਨ ਮਾਰ ਕੇ ਧਿਆਨ ਧਰੋ ॥
ਤ੍ਰਿਪਟੀ ਮੱਧ ਜਾਇ ਨਿਵਾਸ ਕਰੋ ਤਹਾਂ ਨੀਰ ਪਯੂਖ ਕੋ ਪਾਂਨ ਕਰੋ ॥
ਗਹੁ ਇਸਥਿਤ ਭੇਦ ਬਹਿ ਸਤ ਹਰੋ ਤਬੈ ਭੈ ਸੰਸਾਰਿ ਅਸਾਨ ਤਰੋ ॥
ਦਾਸ ਭਗਵਾਨ ਅਰਾਮ ਕਰੋ ਸਹੀ ਸਾਂਤ ਇਕਾਂਤ ਨਦਾਨ ਨਰੋ ॥

॥੭੬॥ ਸ੍ਵੈਯਾ ॥

ਮਾਲਕਾ ਮਰਮ ਮਲੂਮ ਕਰੋ ਕਿਹ ਕਾਰਨ ਧਾਰਨ ਕਰਨੀ ਬਣੀ ॥
ਕਿਸ ਬਿਧ ਕਹ ਢੰਗ ਮਣ ਕੇ ਕਹੋ ਤਹ ਕਹ ਪ੍ਰਕਾਰ ਹੈ ਡੋਰ ਭਣੀ ॥
ਪ੍ਰੇਮ ਕੀ ਤਾਰ ਤਿਆਰ ਕਰੋ ਫੁਨ ਸਾਧਨ ਚਾਰ ਪ੍ਰੋਇ ਮਣੀ ॥
ਸਹਜ ਔ ਸੁੰਨ ਕੇ ਘਾਟ ਮੇ ਜਾਕਰ ਦਾਸ ਭਗਵਾਨ ਬਚਾਰ ਘਣੀ ॥

॥੭੭॥ ਸ੍ਵੈਯਾ ॥

ਗਿਆਨ ਅਗਿਆਨ ਕੀਖੇਲ ਲਖੋਇਹਚਾਲਾਅਜਾਇਬ ਬਾਤਨਿਰਾਲੀ ॥
ਨਾਂਮ ਜਿਸੇ ਸਤਰੰਜ ਕਹੇਂ ਏਹ ਹੈ ਸਚ ਰੰਗ ਜਥਾਰਥ ਚਾਲੀ ॥
ਗਾਫਲ ਹੋ ਨਹੀਂ ਖੇਲ ਕਰੋ ਏਹ ਮੁਸਕਲ ਬਾਤ ਨਾ ਜਾਣ ਸੁਖਾਲੀ ॥
ਦਾਸ ਭਗਵਾਨ ਜੇ ਹੈਂ ਘਰ ਚਾਹਤ ਤੋ ਕੁਝ ਚਾਹੀਏ ਹੈਮਗਜਭੀਆਲੀ ॥

॥੭੮॥ ਸ੍ਵੈਯਾ ॥

ਹੋਇ ਰਹੀ ਖਲਾਰ ਹੈ ਐਨਅਪਾਰ ਏਹ ਅਸਲ ਬਿਚਾਰ ਹੈਸਾਰਲਖਾਯੋ ॥
ਹਰ ਦੋ ਤਰਫ ਸੇ ਮੁਹਰੇ ਲਗੇ ਫੁਨ ਮੁਹਰੇ ਮੁਕਾਬਲ ਮੁਹਰੇ ਲਗਾਯੋ ॥

ਆਂਖ ਕੀ ਤਾੜ ਸੇ ਤਾੜ ਕਰੋ ਧਰਿ ਓਰ ਸੇ ਓਰ ਦਲੀਲ ਲੈ ਆਯੋ ॥
ਬਾਤ ਬਰੀਕ ਬਖਾਨ ਨਦਾਂਨ ਤਹ ਦਾਸ ਭਗਵਾਂਨ ਹਕੀਕਤ ਪਾਯੋ ॥

॥੭੯॥ ਸ੍ਵੈਯਾ ॥

ਸਨਮੁਖ ਮਾਥ ਜੁਰੇ ਜਬ ਹੈਂ ਤਬ ਲਰਜਾ ਨਾ ਖਾਵੀਏਥੀ ਕਰ ਗਾਜੀ ॥
ਘਬਰਾਓ ਨਹੀਂ ਰਖ ਸੋਕ ਸਨਾਖਤ ਤੁਹਫਾ ਹੈ ਆਰਫ ਨਜਰਦਰਾਜੀ ॥
ਜਰਾ ਚਾਲਕੁਚਾਲ ਸੰਭਾਲ ਚਲੋ ਫੇਰ ਤੇਰੇ ਇਹ ਆਗੇ ਹੈਕੀਕਹੁਪਾਜੀ ॥
ਬੇਖਟਕਹੋ ਅਟੱਕ ਚੁਕਾਇ ਦਈ ਲਈ ਦਾਸਭਗਵਾਨ ਹਕੀਕਤ ਬਾਜੀ ॥

॥੮੦॥ ਸ੍ਵੈਯਾ ॥

ਮਨ ਬਜੀਰ ਭਇਆ ਅਰਕਾ ਜੋਊ ਖਰਾ ਬਰਾਬਰ ਕਰਤ ਖੁਵਾਰੀ ॥
ਅਵਿਦਿਆਸਮੂਹਨਹੀਂਦਲਜਾਇਗਨਾ ਕੈਸੇਭਾਖਕਰੂੰਪ੍ਰਾਕ੍ਰਿਤਏਹਸਾਰੀ ॥
ਕਾਮ ਕ੍ਰੋਧ ਤੇ ਲੋਭ ਔ ਮੋਹਿ ਅਹੰ ਫੀਲੇ ਘੋੜੇ ਹੈਂ ਰੁਖ ਸਿਕਦਾਰੀ ॥
ਲਘੂ ਮਤ ਏਹ ਕੈਸੇ ਲਖੋਂ ਪ੍ਰਮਾਰਥ ਦਾਸ ਭਗਵਾਨ ਹਕੀਕਤ ਭਾਰੀ ॥

॥੮੧॥ ਸ੍ਵੈਯਾ ॥

ਸਾਹਿ ਗਿਆਨ ਕੀ ਸੈਨ ਹੈ ਸਾਬਤ ਕੈਸੇ ਬਣੀ ਦੇਖੋ ਹੋਇ ਅਗਾਰੀ ॥
ਅਨਭਵ ਏਹ ਬਜੀਰ ਖਲਾ ਸੁਚ ਸੰਜਮ ਸਾਫ ਸੰਜੋਇ ਸਵਾਰੀ ॥
ਸਤ ਸੰਤੋਖ ਦੋ ਫੀਲ ਬਣੇ ਅਸ੍ਵ ਭਏ ਬੈਰਾਗ ਬਬੇਕ ਹੈਂ ਭਾਰੀ ॥
ਸਮ ਦਮ ਦੋ ਰੁਖ ਪਟੀ ਪੜੇ ਏਹ ਦਾਸ ਭਗਵਾਂਨ ਹਕੀਕਤ ਸਾਰੀ ॥

॥੮੨॥ ਸ੍ਵੈਯਾ ॥

ਅਸਟਾਂਗ ਹੀ ਜੋਗ ਕੇ ਪਿਆਦੇ ਖੜੇ ਹਥ ਲੈ ਪਰਧਾਨ ਪ੍ਰੇਮ ਕਟਾਰੀ ॥
ਲਾਇ ਹਸਾਬ ਕਰੋ ਐਸੀ ਚਾਲ ਕਿ ਸਾਹ ਅਗਿਆਨਸਹਖਾਏਕਰਾਰੀ ॥
ਪਹਿਲੇ ਬੰਨ ਕਿਲਾ ਸਭ ਨਰਦਨ ਕਾ ਪਸਪੇਸ ਪਨਾਹਿ ਕਰੋਰਫਤਾਰੀ ॥
ਆਪ ਮਰੇ ਨਹੀਂ ਮਾਰ ਅਰੀ ਐਸੇ ਦਾਸ ਭਗਵਾਂਨ ਨਦਾਨ ਖਲਾਰੀ ॥

॥੯੩॥ ਸ੍ਵੈਯਾ ॥

ਦੋ ਫੀਲੇ ਕੀ ਚਾਲ ਸੁਮਾਰ ਕਰੋ ਗੋਸੇ ਮਲ ਅਮਲ ਹੈਂ ਮਲ ਮੁਕਾਏ ॥
ਘੋੜੇ ਕੀ ਹਿੰਮਤ ਹਦ ਸੇ ਬਾਹਰ ਤੀਸਰੇ ਜਾਘਰ ਹਸਤੀ ਉਡਾਏ ॥
ਪਟੀ ਪਾਧਰ ਪਾਏ ਚਲੇ ਰੁਖ ਹੈ ਜੋਊ ਨਰਦ ਮਿਲੇ ਰੁਕ ਖੇਲ ਖਪਾਏ ॥
ਇਉਂ ਦਲਰਿਪਕੇ ਹਾਰ ਪੜੀ ਜਿਉਂ ਦਾਸ ਭਗਵਾਨ ਹਕੀਕਤ ਪਾਏ ॥

॥੯੪॥ ਸ੍ਵੈਯਾ ॥

ਸੀਲ ਕੀ ਸੈਫ ਬਜੀਰ ਫੜੀ ਚਾਰੇ ਤਰਫ ਦਿਤੀ ਐਸੀ ਆਣ ਤੜੀ ॥
ਮਲਨ ਬਜੀਰ ਮੁਕਾਇ ਘੜੀ ਖਾਧੀ ਸਾਹ ਅਗਿਆਨ ਸਕਸਤ ਬੜੀ ॥
ਪਕੀ ਨਰਦ ਨਸਾਂਨ ਪੈ ਜਾਇ ਪੜੀ ਘਰ ਚੋਸਠ ਮੈ ਫਿਰੀ ਤੋੜ ਅੜੀ ॥
ਇਹਬਾਤਬਿਗਿਆਂਨਮੇਂਜਾਇ ਚੜੀਧਜਾ ਦਾਸਭਗਵਾਨ ਅੱਗਮ ਖੜੀ ॥

॥੯੫॥ ਸ੍ਵੈਯਾ ॥

ਬੰਸੀ ਕਾਂਨ ਕੀ ਬਾਜ ਰਹੀ ਨਿਸਬਾਸਰ ਸੋਇਸਹੋ ਤਿਨ ਲੋਇ ਰਹੀ ॥
ਮੋਹਿਨ ਮੋਹਿ ਲਈ ਸਭ ਗੁਆਰਨ ਇਕਤਰ ਇਕਠੇ ਹੋਇ ਰਹੀ ॥
ਅਨੰਦ ਮਈ ਰਸ ਪਾਵਤ ਹੈ ਮਿਲ ਸੰਸਨ ਕੋ ਸਭ ਖੋਇ ਰਹੀ ॥
ਦਾਸ ਭਗਵਾਨ ਤੂੰ ਗਾਫਲ ਗੁਵਾਰਨ ਪੈਰ ਪਸਾਰ ਕਿਉ ਸੋਇ ਰਹੀ ॥

॥੯੬॥ ਸ੍ਵੈਯਾ ॥

ਜਾਗ ਸਤਾਬ ਲੈ ਸਾਰ ਸਖੀ ਹੁਣ ਕੁੰਜ ਗਲੀ ਵਿਚ ਛਾਇ ਰਹੇ ॥
ਮੋਹਨ ਮੋਹਨ ਭਾਖਤ ਹੈਂ ਬਿਚ ਧਰਨ ਅਕਾਸ ਸਮਾਇ ਰਹੇ ॥
ਕਿਉਕਰ ਬਾਤ ਕਰੂੰ ਇਨਕੀ ਇਹ ਰੁਣ ਝੁਣ ਸੁਰਤ ਲਗਾਇ ਰਹੇ ॥
ਦਾਸ ਭਗਵਾਨ ਜਾ ਦੇਖ ਲਵੋ ਹੁਣ ਪ੍ਰੇਮ ਪ੍ਰੀਤਮ ਲਾਇ ਰਹੇ ॥

॥੯੭॥ ਸ੍ਵੈਯਾ ॥

ਬੰਸੀ ਹੈ ਆਣ ਬਜਾਈ ਜਬੇ ਤਬ ਭੁਲ ਗਈ ਸਭ ਕਾਰ ਬਿਹਾਰੀ ॥
ਮਥਰਾ ਔ ਗੋਕਲ ਮੋਹਿ ਲਈ ਅਤੇ ਮੋਹ ਲਈ ਬ੍ਰਿਜ ਕੀ ਸਭ ਨਾਰੀ ॥

ਹੱਸ ਰੱਸ ਕੇਲ ਕਰੇ ਸਭ ਹੈ ਐਸੀ ਲਾਗਤ ਬੰਸਰੀ ਆਣ ਪਿਆਰੀ ॥
ਦਾਸ ਭਗਵਾਂਨ ਹੋ ਗੁਮ ਰਹੇ ਹੁਣ ਸੁਧ ਔ ਬੁਧ ਹੈ ਸਭ ਬਸਾਰੀ ॥
॥੮੮॥ ਸ੍ਵੈਯਾ ॥
ਬੰਸੀ ਕੀ ਟੇਰ ਸੋਂ ਟੇਰ ਹੁਈ ਲਖੀ ਫੇਰ ਜਾਂ ਫੇਰ ਹੈ ਐਨ ਬਚਾਰੀ ॥
ਧੁਨ ਧਿਆਨ ਹੋ ਇਕ ਗਏ ਐਸੀ ਆਇ ਚੜੀ ਅਬ ਪ੍ਰੇਮ ਖੁਮਾਰੀ ॥
ਨਾਹਿ ਆਪਰਹੀਨਾਹਿਗੁਆਰਨਹੈ ਨਾਹਿ ਬ੍ਰਿਜਰਹੀਨਾਹਿਕ੍ਰਿਸਨਮੁਰਾਰੀ ॥
ਦਾਸ ਭਗਵਾਂਨ ਕੀ ਆਖ ਸਕੇ ਹੁਣ ਹੈ ਚਿਦਾਕਾਸ ਅਕਹ ਅਗਾਰੀ ॥
॥੮੯॥ ਸ੍ਵੈਯਾ ॥
ਅੰਤ ਵਾਹਕ ਕੋ ਹਮ ਕ੍ਰਿਸਨ ਕਹੇਂ ਇਹ ਭੂਲਕੇ ਬਾਹਰ ਮਾਨ ਨਭਾਈ ॥
ਅੰਤਰ ਬੀਚ ਬਹਾਰ ਕਰੀ ਸਭ ਅੰਤਰ ਬੀਚ ਹੈ ਧੇਨ ਚਰਾਈ ॥
ਅੰਤਰ ਬੀਚ ਹੈ ਬੰਸੀ ਬਜਾਵਤ ਅੰਤਰ ਹੈ ਸਭ ਰਾਸ ਰਚਾਈ ॥
ਦਾਸ ਭਗਵਾਂਨ ਨ ਤਿਨ ਸਰੀਰ ਜਹ ਮਥਰਾਔ ਗੋਕਲ ਬ੍ਰਿਜਨਾਕਾਈ ॥
॥੯੦॥ ਸ੍ਵੈਯਾ ॥
ਆਤਮਾ ਰਾਮ ਕੁਸਲਿਆ ਹੈ ਨਿਜਮਤ ਸੁਮਿਤ੍ਰਾ ਸੁਮਤ ਕੁਮਤ ਕੇਕਈ ॥
ਕੁਮਤ ਕਠੋਰ ਕੀ ਬਾਤ ਕਰੀ ਦੇਖੋ ਕੈਸੀ ਕੁਮਾਰਗ ਆਣ ਪਈ ॥
ਦਸਰਥ ਗੁੰਮ ਜਥਾਰਥ ਹੈਂ ਜਬ ਸੀਆ ਹੈ ਸੁਰਤ ਬਦੇਸ ਗਈ ॥
ਅਨਭਵ ਲਛਮਨ ਰਾਮ ਚਲੇ ਦੇਖੋ ਦਾਸ ਭਗਵਾਨ ਇਹ ਬਾਤ ਨਈ ॥
॥੯੧॥ ਸ੍ਵੈਯਾ ॥
ਮਨ ਸਮਾਨ ਨ ਹੋਰ ਕੋ ਰਾਵਣ ਹੈਂ ਦਸ ਇੰਦ੍ਰੇ ਜਹ ਸੀਸ ਬਣਾਏ ॥
ਇਸ ਕਾਰਨ ਦਹਸਰ ਨਾਮ ਕਹਾਵਤ ਦਹਦਿਸ ਚੰਚਲ ਚਿਤ ਚਲਾਏ ॥
ਤਿਨ ਹਸਤੀ ਕੇ ਹੈਂ ਗੜ੍ਹ ਕੋਟ ਕੀਏ ਤਹ ਨਾਮੁ ਮੁਕਾਮਹੈਲੰਕ ਰਖਾਏ ॥
ਚਾਰੇ ਤਰਫ ਅਗਿਆਨਸੁਮੁਦ੍ਰਹੈ ਜਹ ਦਾਸਭਗਵਾਂਨ ਏਹ ਰਾਜ ਕਮਾਏ ॥

॥੯੨॥ ਸ੍ਵੈਯਾ ॥

ਕੀ ਕਰਤੂਤ ਕਰੀ ਅਬ ਰਾਵਣ ਅੰਗ ਬਭੂਤ ਅਸਾਰ ਮਲੀ ॥
ਅਵਿਦਿਆ ਅਵਰਨ ਹੈ ਭੇਸ ਕੀਓ ਕੈਸੀ ਕੁਟਲ ਕੁਮਤ ਕੀ ਮਤਹਲੀ ॥
ਆਪ ਨੁ ਆਪ ਕਹਾਵਤ ਕੀ ਜਬ ਧਾਰ ਲਈ ਕਰ ਚਾਹ ਬਗਲੀ ॥
ਦਾਸ ਭਗਵਾਂਨ ਅਨਾਥ ਕੇ ਨਾਥ ਕੀ ਰਾਵਣ ਹੈ ਅਬ ਸੀਆ ਛਲੀ ॥

॥੯੩॥ ਸ੍ਵੈਯਾ ॥

ਸੀਆ ਗਈ ਸਭ ਸੁਖ ਗਏ ਇਤੇ ਦੁਖ ਭਏ ਗਿਣੇ ਜਾਵਤ ਨਾਂਹੀਂ ॥
ਸੀਆ ਸਰੂਪ ਮਿਲੇ ਕਬ ਹੈ ਐਸੇ ਰੋਵਤ ਰਾਮ ਫਿਰੇ ਬਨ ਮਾਂਹੀਂ ॥
ਕਭੀ ਬੂਝਤ ਹੈ ਝੁੰਡ ਤਰਵਰ ਕੋ ਕਭੀ ਢੂਡਣ ਕੋ ਗਿਰ ਕੰਦਰ ਜਾਹੀਂ ॥
ਦਾਸ ਭਗਵਾਨ ਬਿਯੋਗ ਕਾਰੇ ਨਹੀਂ ਜਾਨ ਕੀ ਜਾਨ ਹੈਮਾਰਤਆਹੀਂ ॥

॥੯੪॥ ਸ੍ਵੈਯਾ ॥

ਧੁੰਨ ਧੁੰਨ ਮਾਥ ਕਹੇ ਰਘੁਨਾਥ ਹੇ ਲਛਮਨ ਭ੍ਰਾਤ ਇਹ ਬਾਤ ਕੀ ਹੋਈ ॥
ਲਾਇ ਧਿਆਨਿ ਕਰੋ ਅਬ ਗਿਆਨ ਹੈ ਜਾਂਨਕੀ ਜਾਨਕੇਜੀਵਤ ਮੋਈ ॥
ਗਿਆਤ ਨਾ ਗਾਤ ਨਾ ਕੁਝ ਸੁਹਾਤ ਹੈ ਨੈਨ ਚੁਚਾਤਿ ਭਰੇ ਜਲ ਦੋਈ ॥
ਤ੍ਰਿਲੋਕੀ ਕੋ ਨਾਥ ਕੀਏਹ ਦਸਾ ਜਬ ਦਾਸ ਭਗਵਾਂਨ ਕੀ ਹੋਰ ਹੈ ਕੋਈ ॥

॥੯੫॥ ਸ੍ਵੈਯਾ ॥

ਬਿਆਕੁਲ ਹੋ ਬਨ ਢੂੰਡ ਰਹੇ ਬਨਬਾਸਨ ਮੇਂ ਬਨਬਾਸ ਬਿਚਾਰੇ ॥
ਇਤ ਤੇ ਉਤ ਓਰਕੋ ਡੋਲ ਰਹੇ ਨਹੀਂ ਸੁਝਤ ਹੈ ਕੁਝ ਰਾਮ ਪਿਆਰੇ ॥
ਡਾਢ ਕੋ ਮਾਰ ਪੁਕਾਰ ਕਰੇ ਐਸੇ ਬਾਹ ਪਸਾਰ ਪਸਾਰ ਪੁਕਾਰੇ ॥
ਜਾਨ ਕੀ ਜਾਨ ਹੈ ਜਾਨ ਕਹਾਂ ਦੇਖੋ ਦਾਸ ਭਗਵਾਂਨ ਇਹਹਾਲ ਹਮਾਰੇ ॥

॥੯੬॥ ਸ੍ਵੈਯਾ ॥

ਬੀਚ ਬਰਾਗ ਨਾ ਲਾਜ ਰਹੀ ਜਾਏ ਕੇਲੇ ਪਹ ਕਦਲੀ ਸੀ ਜੰਘ ਰਰੇ ॥
ਮ੍ਰਿਗੋਂ ਕੀ ਡਾਰ ਮਿਲੇ ਬਨ ਮੇ ਤਹ ਨਾਮ ਸੀਆ ਮ੍ਰਿਗ ਨੈਨੀ ਧਰੇ ॥

ਪੁਸਪੋਂ ਕੀ ਪੰਕਤ ਦੇਖ ਲਵੇ ਤਹ ਕੋਮਲ ਬਦਨੀ ਕਾ ਅੰਗ ਭਰੇ ॥
ਚੰਦ ਮੁਖੀ ਚੰਦੁ ਦੇਖ ਕਹੇ ਐਸੇ ਦਾਸ ਭਗਵਾਂਨ ਕਿਉਂ ਦੁਖ ਜਰੇ ॥

॥੯੭॥ ਸ੍ਵੈਯਾ ॥

ਖੋਜਤ ਖੋਜਤ ਖੋਜ ਲਹਿਓ ਹੁਣ ਜਾਂਨਕੀ ਲੈ ਗਿਆ ਲੰਕ ਪਤੀ ॥
ਰਾਮ ਨੇ ਜੁਧ ਸਮਾਨ ਕੀਆ ਐਸੇ ਜੋਸ ਹੂਆ ਹੁਣ ਆਇ ਅਤੀ ॥
ਸੀਲ ਸੁਗ੍ਰੀਵ ਹੈ ਸਾਥ ਲੀਓ ਅਹੰ ਮਾਰ ਦੀਓ ਬਾਲੀ ਮਲਨ ਮਤੀ ॥
ਦਾਸ ਭਗਵਾਂਨ ਬੈਰਾਗ ਹਨ ਵੰਤਤਰ ਤੀਬਰ ਹੈ ਅਬ ਜਾਇ ਗਤੀ ॥

॥੯੮॥ ਸ੍ਵੈਯਾ ॥

ਅੰਗਦ ਅੰਗ ਬਬੇਕ ਲੀਓ ਕੀਨੀ ਰਾਮ ਨੇ ਲੰਕ ਪੈ ਆਣ ਚੜ੍ਹਾਈ ॥
ਸਮ ਦਮ ਹੈ ਨਲ ਨੀਲ ਦੋਊ ਪੁਲੁ ਗਿਆਨ ਰਮੇਸਰ ਹੈ ਦ੍ਰਿੜ੍ਹਾਈ ॥
ਸੰਜਮ ਕੀ ਸਭ ਸੈਨ ਕਰੀ ਜਿਨ ਰਾਵਣ ਕੀ ਰਜਧਾਨੀ ਰੁੜ੍ਹਾਈ ॥
ਰਾਵਣ ਬੁਧ ਮਦੋਦਰ ਬਰਜਤ ਦਾਸ ਭਗਵਾਨ ਹੈ ਰਾਰ ਮਚਾਈ ॥

॥੯੯॥ ਸ੍ਵੈਯਾ ॥

ਕਮਾਦ ਕੁਟੰਬ ਹੈ ਸਾਥ ਲੀਆ ਆਏ ਦਹ ਸਿਰ ਲੈ ਦਲ ਜੁਧ ਮਝਾਈ ॥
ਦੋਨੋ ਤਰਫਸੇ ਆ ਸੰਗ੍ਰਾਮ ਲਗਾ ਐਸੀ ਆਣ ਮਚੀਹੁਣ ਗਰਦਗੁਬਾਰੀ ॥
ਤ੍ਰਿਸਨਾਬਰਛੀਲਗੀ ਆਇ ਐਸੀ ਪਈ ਲਛਮਨ ਮੂਰਛਾ ਆਣਕਰਾਰੀ ॥
ਦਾਸ ਭਗਵਾਂਨ ਆ ਐਸੀ ਭਈ ਪਈਰਾਮਕੋ ਆ ਹੁਣ ਸੋਚ ਹੈ ਭਾਰੀ ॥

॥੧੦੦॥ ਸ੍ਵੈਯਾ ॥

ਬੈਠ ਬਚਾਰਿ ਹੈ ਰਾਮ ਕੀਓ ਈਹਾ ਬੈਦ ਸੁਜਾਨ ਕੋ ਭਾਲ ਕੀਆ ॥
ਸੁਖ ਚੈਨਤ ਤੱਗ ਮੁਹਾਤਮਾਂ ਹੈ ਬੂਟੀ ਦੇ ਬ੍ਰਹਮ ਵਾਕ ਸੁਰਜੀਤ ਕੀਆ ॥
ਲਛਮਨ ਜਿਉਂ ਕਾ ਹੋਤਿਉ ਗਿਆਵਤ ਆਪਣਾ ਆਪ ਸੰਭਾਲ ਲੀਆ ॥
ਦਾਸ ਭਗਵਾਨ ਆ ਜੋਰ ਕੀਆ ਹੁਣ ਰਾਵਣ ਦੁਸਟ ਕੋ ਮਾਰ ਦੀਆ ॥

॥੧੦੧॥ ਸ੍ਵੈਯਾ ॥

ਧੂਮ ਔ ਧਾਮ ਹੁਈ ਅਬ ਲੰਕ ਮੇ ਦੁਰਜਨ ਰਾਮ ਨੇ ਆਣ ਮੁਕਾਏ ॥
ਬੰਧ ਬਭੀਛਨ ਜਾਣ ਲਵੋ ਜੋਈ ਸਰਨ ਔਚਰਨ ਹੈ ਰਾਮਕੇ ਆਏ ॥
ਹੈ ਤਹ ਲੰਕ ਕਾ ਰਾਜ ਦੀਓ ਨਿਜਿ ਹਾਥਨ ਸੇ ਰਾਜ ਤਿਲਕ ਚੜਾਏ ॥
ਦਾਸ ਭਗਵਾਨ ਸਮੇਤ ਸੀਆ ਹੁਣ ਲਛਮਣ ਰਾਮ ਕੁਲਾਹਲ ਪਾਏ ॥

॥੧੦੨॥ ਸ੍ਵੈਯਾ ॥

ਅਮਰਾਪੁਰਅਜੁਧਿਆਆਇ ਗਏਨਿਜਧਾਂਮਮੇਇਸਥਿਤ ਆ ਅਬਪਾਏ ॥
ਨਿਜ ਮਾਤਨ ਹੈ ਉਤਸਾਹ ਭਇਆਮਿਲ ਸਖੀਅਨਹੈਸੁਭਮੰਗਲ ਗਾਏ ॥
ਬਾਜੇ ਬਾਜਤ ਭਾਂਤਨ ਭਾਂਤਨ ਕੇ ਧੁਨ ਸੰਖ ਘੜਿਆਲ ਕੀਹੈਅਧਕਾਏ ॥
ਪਰਮਾਨੰਦ ਅਪੋ੍ਖਪਰੇਮ ਭਇਆ ਹੁਣ ਦਾਸਭਗਵਾਂਨਕੀਆਖ ਸੁਣਾਏ ॥

॥੧੦੩॥ ਸ੍ਵੈਯਾ ॥

ਰਾਮ ਕੋ ਰੂਪ ਨਿਹਾਰ ਨਿਹਾਰ ਕੇ ਆਪ ਬਸਾਰ ਹੋ ਰਾਮ ਗਏ ॥
ਭਾਵਨਾ ਭਾਵ ਮੇ ਭਾਵ ਹੁਏ ਇਕ ਸਾਰ ਵਿਖੇ ਗੁਮ ਗਾਂਮ ਗਏ ॥
ਕਾਰਨ ਸੂਖਮ ਥੂਲ ਸ੍ਰੀਰ ਜਹ ਆਮ ਨਹੀਂ ਨਾਮੀ ਨਾਂਮ ਗਏ ॥
ਦਾਸਭਗਵਾਨਕੀਕਹੇਬਖਾਂਨ ਜਹ ਧਿਆਨ ਹੀ ਪਾ ਬਿਸਰਾਂਮ ਗਏ ॥

॥੧੦੪॥ ਸ੍ਵੈਯਾ ॥

ਭਇਆ ਬੋਦ ਨਹੀ ਅਬ ਜਾਂ ਜਨ ਕੋ ਨਹੀਂ ਸਾਰਹੈ ਆਤਮ ਬੂਛਨ ਕੀ ॥
ਮਾਨਸ ਜਨਮ ਤਹ ਕਾਹੇ ਲੀਓ ਨਹੀ ਸੁਧ ਅਨਾਤਮ ਦੂਛਨ ਕੀ ॥
ਜੜੀ ਭੂਤ ਹੁਏ ਪ੍ਰਪੰਚ ਬਿਖੇ ਨਹੀਂ ਲਜਾ ਕਛੂ ਦਾੜੀ ਮੂਛਨ ਕੀ ॥
ਦਾਸ ਭਗਵਾਨ ਹੇ ਬੈਲ ਰਹੇ ਇਕ ਕਸਰ ਰਹੀ ਸਿੰਙ ਪੂਛਨਕੀ ॥

॥੧੦੫॥ ਸ੍ਵੈਯਾ ॥

ਚਿਦਾਕਾਸ ਪ੍ਰਕਾਸ ਸਰੂਪ ਸਹੀ ਵਾਯੂ ਨਾਰਜਲ ਰੀਧ ਫਲਾਰ ਭਇਆ ॥
ਸਾਂਤਕ ਰਾਜਸ ਤਾਮਸ ਜੋਗੁਣ ਤੀਨ ਹਮਾ ਬਿਸਤਾਰ ਭਇਆ ॥

ਤਾਕਤ ਆਪ ਸੁਭਾਵ ਸੇ ਆਪ ਹੀ ਹੈ ਪੰਜ ਤਤ ਬੁਖਾਰੁ ਭਇਆ ॥
ਜਾਤੀਮਾਦਾਹੋ ਅੰਕੂਜਾਤ ਵਿਖੇ ਇਉ ਦਾਸ ਭਗਵਾਂਨ ਅਕਾਰ ਭਇਆ ॥
॥੧੦੬॥ ਸ੍ਵੈਯਾ ॥
ਅੰਗ ਮੇਂ ਅੰਗ ਉਮੰਗ ਕਰੀ ਜਬ ਅੰਗ ਨਾ ਅੰਗ ਮੇਂ ਅੰਗ ਹੈਂ ਆਏ ॥
ਦੇਸ ਕਾਲਮੇਂਆਇ ਨਿਵਾਸੁ ਕੀਓ ਤਹ ਨੁਕਤੇ ਹਬਾਬ ਸੋਚਾਰ ਉਠਾਏ ॥
ਏਕ ਹੈ ਜਿਗਰ ਤੇ ਦੂਸਰਾ ਜੋ ਦਿਲ ਤੀਸਰਾ ਬੀਚ ਦਮਾਗ ਕੇ ਜਾਏ ॥
ਚੋਥਾਘੇਰ ਲਿਆਂਵਤ ਹੈਤਿਨਕੋ ਅਬਦਾਸਭਗਵਾਨ ਕੀ ਰੰਗ ਦਿਖਾਏ ॥
॥੧੦੭॥ ਸ੍ਵੈਯਾ ॥
ਖੋਜ ਖਿਆਲ ਲੈ ਖੂਬ ਜਮਾਲ ਹੋ ਖਾਵਿੰਦ ਖਾਸ ਖੁਦਾਵੰਦ ਵਾਲੀ ॥
ਖਤਰਾਏ ਖੌਫੁ ਖੁਆਬ ਖੁਛਾਮਦ ਖੋ ਖੁਦੀ ਖੁਦ ਖੁਦਾਇ ਖਿਆਲੀ ॥
ਖਸਲਤ ਖਾਂਮ ਖਿਜਾਂਇ ਗਈ ਭਈ ਮੌਸਮ ਮੌਜ ਬਹਾਰ ਨਿਰਾਲੀ ॥
ਖਿਰਦਮੰਦ ਖਾਦਿਮ ਆਦਮ ਨੇ ਲਈ ਦਾਸ ਭਗਵਾਨਹੈ ਲਜਤਆਲੀ ॥
॥੧੦੮॥ ਸ੍ਵੈਯਾ ॥
ਆਪ ਹੀ ਆਪ ਹੈ ਆਪ ਹੀ ਆਪ ਇਹੁ ਆਪ ਹੀ ਆਪਹੈਆਪ ਵਲ਼ੀ ॥
ਆਪ ਹੀ ਆਪ ਹੈ ਆਪਿ ਬਿਆਪਕ ਆਪ ਹੀ ਆਪ ਅਲਾਹਿ ਅਲੀ ॥
ਆਪ ਹੀ ਆਪਿ ਹੈ ਪਾਰ ਅਪਾਰ ਇਹ ਆਪ ਹੀ ਆਪ ਅਛਲ ਛਲੀ ॥
ਆਪ ਹੀ ਆਪ ਪਛਾਣ ਕੇ ਆਪ ਕੋ ਦਾਸ ਭਗਵਾਨ ਹੈ ਮੌਜ ਭਲੀ ॥
॥੧੦੯॥ ਸ੍ਵੈਯਾ ॥
ਆਰਯ ਨਾਮ ਸ੍ਰੇਸਟ ਕਰਮ ਕਾ ਬਾਕ ਅਵਾਂਤਰ ਬੇਦ ਬਖਾਨੇ ॥
ਮਲਨ ਕਰਮਕਾ ਨਾਮ ਅਨਾਰਯਹੈ ਨਾਹਿ ਪਾਬਰਬੇਦਕੇਬਚਨਕੋਮਾਨੇ ॥
ਸਤ ਸੰਤੋਖ ਦਇਆ ਧਰਮ ਲੈ ਰਿਦ ਨਾਮ ਔ ਦਾਨ ਇਸਨਾਨਪੈਆਨੇ ॥
ਇਤਆਦਕਰਮ ਹੈ ਆਰਯਕੇਇਉਂ ਦਾਸਭਗਵਾਨਕੋ ਬਿਰਲਾਹੀਜਾਨੇ ॥

॥੧੧੦॥ ਸ੍ਵੈਯਾ ॥

ਬੇਦ ਬਰੁਧ ਕਰੇ ਬਿਵਹਾਰ ਜੋ ਸੋ ਮਹਾਂ ਮੂਰਖ ਮੰਦ ਮਤੀ ॥
ਅਲਨ ਅਹਾਰ ਜਹ ਮਲਨ ਬਿਹਾਰ ਹੈ ਕਰਤ ਕੁਕਰਮ ਨਾ ਸੰਕ ਰਤੀ ॥
ਯਾਰੀ ਔ ਚੋਰੀ ਫਰੇਬ ਔ ਜੁਲਮ ਬਰੋਧ ਬਦੀ ਨਿਹ ਸੰਕ ਅਤੀ ॥
ਇਹ ਸਭ ਕਰਮ ਅਨਾਰਯ ਕੇ ਹੁਣ ਦਾਸ ਭਗੇਵਾਨ ਬਚਾਰ ਬਤੀ ॥

॥੧੧੧॥ ਸ੍ਵੈਯਾ ॥

‡ਫਲੈ ਸੀਟਰ ਪਾਰਟੀ ਹੈ ਕਿਉਂ ਆਰਯ ਬਾਤ ਕਹੋਕੁਝ ਮੋ ਸਮਝਾਈ ॥
ਹਿੰਸਾ ਤਜੀ ਨਹੀਂ ਹੁਜਤ ਕੋ ਪੜ ਈਰਖਾ ਬਾਦ ਸੇ ਹੈ ਅਧਕਾਈ ॥
ਭੱਛ ਅਭੱਛ ਕਹੁ ਕੈਸੇ ਬਣੇ ਜਬ ਨਾਮ ਹੀਂ ਆਰਯ ਅਰਥ ਸਫਾਈ ॥
ਦਾਸ ਭਗਵਾਨ ਹੈ ਸਾਫ ਅਨਾਰਯ ਕਰਮ ਸਰੇਸਟ ਨਾ ਰੁਚਲਾਈ ॥

॥੧੧੨॥ ਸ੍ਵੈਯਾ ॥

ਬੀਚ ਸਮਾਜ ਕੇ ਦਾਖਲ ਹੋਵਣ ਕੋਣ ਬਸੇਸਤਾ ਦਸੀਏ ਭਾਈ ॥
ਅਸਲ ਅਸੂਲ ਸੇ ਮੂਲ ਕੋ ਹਾਂਸਲ ਬੀਚ ਰਵਾਜ ਨਾ ਧਸੀਏ ਜਾਈ ॥
ਬ੍ਧੀ ਧ੍ਮਕੀ ਜੇ ਨਾਂਹਿ ਹੋਇ ਸਕੇ ਕਿਉਹਾਂਨੀਮੇ ਦੀਜੀਏਮਦਦਆਈ ॥
ਦਾਸ ਭਗਵਾਨ ਅਨਾਰਯ ਕੋ ਤਜ ਆਰਯ ਕੋ ਨਹੀਂ ਹਸੀਏ ਰਾਈ ॥

॥੧੧੩॥ ਸ੍ਵੈਯਾ ॥

ਮਾਸ ਅਹਾਰ ਨਹੀਂ ਦਰਕਾਰਨਾ ਸੁਭ ਅਚਾਰ ਇਹ ਹੈ ਅਨ੍ਾਚਾਰੀ ॥
ਜੜੀ ਭੂਤ ਅਵਿਦਿਆ ਮੋਂ ਹੋਇ ਰਹੇ ਪਸਨਾ ਦੁਰਮਤ ਦਲੀਲਬਸਾਰੀ ॥
ਖੁਦ ਪਸੰਦ ਹੋ ਅੰਧ ਰਹੇ ਨਹੀਂ ਆਰਯ ਮਤ ਕੀ ਬਾਤ ਬਚਾਰੀ ॥
ਦਾਸ ਭਗਵਾਨ ਹੈ ਸਾਫ ਅਨਾਰਯ ਝੂਠਨਾ ਜਾਣ ਇਹਗਲ ਹਮਾਰੀ ॥

॥੧੧੪॥ ਸ੍ਵੈਯਾ ॥

ਬੈਜੀਟੇਰੀਯਨ ਪਾਰਟੀ ਹੈ ਕੁਝ ਠੀਕ ਇਹਜਾਣ ਤਹਕੀਕਤੀਕਸਫਾਈ ॥

‡ ਮਾਸ ਅਹਾਰੀ ।

ਹਾਲ ਕੋ ਪਾਇਕਮਾਲ ਖਿਆਲ ਸੇ ਨੇਕ ਅਮਾਲ ਕਰੋ ਤੁਮ ਭਾਈ ॥
ਹੋਇ ਮੁਖਾਲਫ ਨਾਹਿ ਚਲੋ ਖਲੋ ਮਾਰਗ ਧਰਮ ਕੇ ਉਪਰ ਆਈ ॥
ਬਾਤ ਬਚਾਰ ਬਿਹਾਰ ਸਹੀਹੁਣ ਦਾਸ ਭਗਭਾਨ ਕਹੇ ਸਮਝਾਈ ॥
॥੧੧੫॥ ਸ੍ਵੈਯਾ ॥

ਦੋ ਪ੍ਰਕਾਰ ਕੇ ਬੇਦ ਕੇ ਵਾਕ ਸੁਣੋ ਅਬ ਦੇ ਕੰਨ ਤਿਨ ਸਿਆਨੋ ॥
ਏਕ ਕਾ ਨਾਮ ਅਵਾਂਤਰ ਵਾਂਕ ਹੈ ਦੂਸਰ ਕਾ ਮਹਾਂ ਵਾਕ ਪਛਾਨੋ ॥
ਅਵਾਂਤਰ ਵਾਕ ਪਰੋਖ ਗਿਆਨ ਮਹਾਂਵਾਕ ਸੇ ਅਪਰੋਖ ਗਿਆਨੋ ॥
ਸੰਸਾਟਰੋਨਾਹਿਪਖੋਖ ਗਿਆਨ ਸੇ ਦਾਸ ਭਗਵਾਂਨ ਜਥਾਰਥ ਜਾਨੋ ॥
॥੧੧੬॥ ਸ੍ਵੈਯਾ ॥

ਵਾਕ ਅਵਾਂਤਰ ਹੋਇ ਚੁਕਾਅਬ ਰਹਿ ਗਿਆ ਹੈ ਮਹਾ ਵਾਕ ਜੁਬਾਕੀ ॥
ਭੇਦ ਲਿਆ ਸਭ ਸੰਗ ਸੇ ਇਹ ਤਬ ਲਾਜ ਜੋ ਤੀਨ ਕੀ ਹੈ ਪਟਚਾਕੀ ॥
ਹੌਜ ਹਸਾਬ ਤੌਹੀਦ ਭਰਾ ਜਾਇ ਪ੍ਰੇਮ ਪਿਆਲਾ ਲੈ ਪੀ ਅਬ *ਸਾਕੀ ॥
ਦਾਸਭਗਵਾਨ ਬਚਾਰਿਆ ਆਪ ਕੋਆਬਨਾਬਾਦਨਾਂਆਤਸ਼ ਖਾਕੀ ॥
॥੧੧੭॥ ਸ੍ਵੈਯਾ ॥

ਜਾਤ ਨਾਂ ਪਾਤ ਨਾਂ [1]ਤਾਤ ਨਾ [2]ਮਾਤ ਜਹ [3]ਸੋਮਮਰੂਪਹੀ ਸਭ [4]ਧਰਾਹੈ ॥
ਅਚਰਜ ਰੂਪ ਬਿਆਪਕ ਹੈ ਇਕ ਸਾਰ ਸਮੇਰ ਔ ਥਲ ਸਰਾ ਹੈ ॥
ਚਰ ਅਚਰ ਹੈ ਕਰ ਅਕਰ ਚਰਿੰਦ ਪਰਿੰਦ ਔਰ ਨਾਰ ਨਰਾ ਹੈ ॥
ਖੰਡ ਅਖੰਡ ਪ੍ਰਚੰਡ ਸਭੇ ਇਉਂ ਦਾਸ ਭਗਵਾਨ ਲਖੇ ਪਰਾ ਹੈ ॥
॥੧੧੮॥ ਸ੍ਵੈਯਾ ॥

ਸੋਖ [5]ਸਮੀਰ ਸੇ ਹੋਇਨਹੀਂਨਹੀਂ [6]ਸਲਲਕੇ ਬੀਚ ਇਹ [7]ਆਇਗਰੇ ॥
[7]ਮਿਰਤਕਾ ਬੀਚ ਨਹੀ ਮਿਸ ਜਾਵਤ [8]ਪਾਵਕ ਬੀਚ ਨਾ ਜਾਇ ਜਰੇ ॥
ਹਾਥਨ ਸੇ ਨਹੀ [10]ਹੋਵਤ ਹੈ ਗੈਹ ਸਸਤ੍ਰ ਸੋਂ ਨਹੀਂ ਛੇਦ ਧਰੇ ॥

*ਸਾਕੀ ਅਰਥਾਤ ਨਸ਼ਾ ਪਲਾਨੇ ਵਾਲੇ ਅਵਾਂਤਰ ਵਾਕ ਰੂਪੀ ਪਿਆਲਾ ਲੈ ਕਰ ਮਾਰਫਤ ਰੂਪੀ ਹੌਜ ਮੇਂ ਸੇ ਮਹਾਂਵਾਕ ਰੂਪੀ ਨਸ਼ਾਪੀ
੧ਪਿਤਾ, ੨ਮਾਤਾ, ੩ਮੇਰਾ, ੪ਪ੍ਰਿਥਵੀ, ੫ ਵਾਯੂ, ੬ਪਾਣੀ ੭ਮਿਟੀ, ੮ਅਗਨੀ, ੯ਨਿਜਸਰੂਪ ਅਰਥਾਤ ਆਤਮਰੂਪ, ੧੦ਭੇਦ ।

ਨਿਰਾਕਾਰ ਹੈ ਨਿਜ ਸਰੂਪ ਸਹੀ ਇਹ ਦਾਸ ਭਗਵਾਨ ਹੈ ਸਭ ਪਰੇ ॥

॥੧੧੯॥ ਸ੍ਵੈਯਾ ॥

ਸਤਿਗੁਰ ਸੰਗ ਕਾ ਰੰਗ ਚੜਾ ਖੜਾ ਪਾਸਰ ਬੰਗ ਉਮੰਗ ਤਭੀ ॥
ਮਹਾਂਵਾਕ ਕਾ ਆ ਉਪਦੇਸ਼ਭਇਆ ਗਿਆ ਬਾਦ ਬਬਾਦਹੋਨਸ਼ਟਸਭੀ ॥
ਰਿਹਾ ਭੇਦ ਔ ਭਰਮ ਨਾ ਮਰਮਲਖਾ ਲੀਆ ਲਖ ਅਲਖਹੈਂਅਖ ਜਭੀ ॥
ਆਹਾਸ੍ਵਾਦਅਨਾਦ ਅਨਾਹਦਕਾ ਨਹੀਂ ਦਾਸਭਗਭਾਨ ਜੋ ਭੰਗ ਕਭੀ ॥

॥੧੨੦॥ ਸ੍ਵੈਯਾ ॥

ਨਾ ਹਮ ਬੇਦ ਕੇ ਪਸ ਭਏ ਇਤਹਾਸ ਪੁਰਾਣ ਨਾ ਮੂਲ ਬਕੇਂ ॥
ਨਾਹਿ ਕੁਰਾਨ ਕਾ ਸਬਕ ਪੜੇਂ ਹਮ ਨਾਹਿ ਅੰਜੀਲ ਕੋ ਮਾਨ ਸਕੇਂ ॥
ਨਾ ਹਮ ਆਰਯ ਬੀਚ ਹੈਂ ਦਾਖਲ ਨਾਂਹਿ ਅਨਾਰਜ ਆਸ ਤਕੇਂ ॥
ਦਾਸ ਭਗਵਾਨ ਉਹ ਮਾਨ ਰਹੇ ਹਮ ਜਾਹਿ ਇਸਾਰੇ ਸੇ ਆਣ ਜਕੇਂ ॥

॥੧੨੧॥ ਸ੍ਵੈਯਾ ॥

ਨਾ ਹਮ ਦੇਵਤਾ ਪੂਜਤ ਹੈਂ ਨਹੀਂ ਠਾਕਰ ਕਰ ਪਸਿੰਦ ਲਏ ॥
ਨਾ ਹਮ ਧੂਣੀਆਂ ਤਾਪ ਕਰੇਂ ਨਹੀਂ ਨੀਰ ਮੇਂ ਮੀਨ ਮਾਨਿੰਦ ਪਏ ॥
ਨਾ ਹਮ ਬਾਣੀਆਂ ਪੜ ਰਹੇ ਨਹੀਂ ਦਾਂਨ ਦਹਿੰਦ ਹੈਂ ਇੰਦ ਭਏ ॥
ਨਾ ਵੂਜ਼ੂ ਸਾਜ ਕਰੇਂ ਸੁਬਹਾ ਇਉਂ ਦਾਸ ਭਗਵਾਨ ਹੋ ਰਿੰਦ ਗਏ ॥

॥੧੨੨॥ ਸ੍ਵੈਯਾ ॥

ਗੁੰਬਜ ਬੀਚ ਅਵਾਜ ਭਈ ਕਹੁ ਮਾਲਕ ਕੌਣ ਹੈ ਅੰਦਰ ਕਾ ॥
ਲਖੋ ਸਾਰ ਅਸਾਰ ਹੈ ਭੇਤੁ ਸਭੀ ਵਾਲੀ ਕੌਣੁ ਕਲਾਬਾਲੇ ਮੰਦਰ ਕਾ ॥
ਕਾਰੋ ਬਾਰ ਬਿਹਾਰ ਨੂੰ ਕਰ ਰਿਹਾ ਬਾਨੀ ਕੋਣ ਇਸ਼ਾਰੇ ਦੇ ਫੰਦਰ ਕਾ ॥
ਅਚਰਜ ਮੌਜ ਰਚਾ ਏਹ ਖੇਲ ਹੈ ਦਾਸ ਭਗਵਾਂਨ ਕਲੰਦਰ ਕਾ ॥

॥੧੨੩॥ ਸ੍ਵੈਯਾ ॥

ਕੌਣ ਬਿਰਾਜ ਰਿਹਾ ਵਿਚ ਮੰਦਰ ਕਰ ਕਿਆਸ ਇਹ ਬਾਤ ਬੜੀ ॥
ਹੈ ਸਭ ਤਾਕਤ ਫੈਲ ਰਹੀ ਜਿਸ ਆਸਰੇ ਹੈ ਇਹੁ ਦੇਹ ਖੜੀ ॥
ਨਖਸਿਲਾ ਲੌ ਪੂਰਨ ਖੇਲ ਕਰੇ ਪੰਚੀ ਕਰਨ ਪ੍ਰਾਨ ਕੀ ਬੰਨ ਮੜੀ ॥
ਸਰਬ ਬਿਵਸਥਾ ਦਾ ਸਾਹਿਬ ਪੂਜਨਾ ਦਾਸ ਭਗਵਾਨ ਤੂੰ ਮੰਨ ਥੜੀ ॥

॥੧੨੪॥ ਸ੍ਵੈਯਾ ॥

ਪੀ ਸੁਧਾ ਸਾਗਰ ਹੋਇ ਇਕਾਗਰ ਗਾਗਰ ਫੋੜ ਹਲਾਹਲ ਕੀ ॥
ਸਮਝ ਸਮੀਪ ਨਾਂ ਭਾਲੀਏ ਦੀਪ ਏਹ ਦੇਖ ਰਦੀਫ ਕਿ ਹੈ ਗਲ ਕੀ ॥
ਆਤਮਾ ਨੰਦ ਮੇਂ ਹੋਹ ਨ੍ਰਿਦ੍ਵੰਦ ਲੈ ਲਜਤਿ ਆਨ ਅਮੀ ਜਲ ਕੀ ॥
ਹੋਹ ਤ੍ਰਿਪਤ ਨਾਂ ਬਿਪਤ ਰਹੇ ਇਹ ਦਾਸ ਭਗਵਾਂਨ ਲਖੋ ਬਲ ਕੀ ॥

॥੧੨੫॥ ਸ੍ਵੈਯਾ ॥

ਅੰਮ੍ਰਿਤ ਕੂੰਡ ਕੀ ਆਸ ਹੀ ਸੰਤਨ ਜਾਤਿਸਊਪਰ ਐਨ ਅਘਾਨੇ ॥
ਝੂਲ ਰਿਹਾ ਤਹ ਪੰਖਾ ਹੈ ਕੁਦਰਤ ਆਣ ਫੁਹਾਰ ਉਠੇਂ ਸੇ ਹਤਾਨੇ ॥
ਸਾਂਤ ਭਈ ਬਿਸਰਾਮ ਕੀਓ ਜਬ ਸਤਗੁਰ ਆਨ ਮਿਲੇ ਹਨ ਦਾਂਨੇ ॥
ਅੰਮ੍ਰਿਤ ਪਾਨ ਕੀਓ ਜਬ ਬ੍ਰਿਤ ਹੈ ਦਾਸ ਭਗਵਾਨ ਥੀਏ ਮਸਤਾਨੇ ॥

॥੧੨੬॥ ਸ੍ਵੈਯਾ ॥

ਹੈ ਸਭ ਭੇਸ ਹੀ ਸੰਤਨ ਕੇ ਜਬ ਪਾਇ ਬ੍ਰਹਮ ਗਿਆਂਨ ਬਹੇ ॥
ਚਾਹੇ ਕੇਸ ਸਵਾਰ ਬਲੇ ਦਸਤਾਰ ਉਤਾਰ ਚਾਹੇ ਬੀਆ ਬਾਂਨ ਰਹੇ ॥
ਚਾਹੇ ਚੜਤੁ ਰੰਗ ਉਮੰਗ ਕਰੇ ਚਾਹੇ ਬਸਤ੍ਰ ਰੰਗ ਗਿਆਂਨ ਗਹੇ ॥
ਚਾਹੇ ਮੋਨਕੋ ਧਾਰ ਗੁਜਾਰ ਕਰੇਦੰਮ ਦਾਸਭਗਵਾਨ ਬਿਗਿਆਂਨ ਲਹੇ ॥

॥੧੨੭॥ ਸ੍ਵੈਯਾ ॥

ਚਾਹੇ ਸੀਸ ਮਹਿਲ ਮੇਂ ਸੋਇ ਰਹੇ ਚਾਹੇ ਛਾਉਂਜਾ ਬਹੇ ਕਰੀਰਨ ਕੀ ॥
ਚਾਹੇ ਟੁਕਰ ਮਾਂਗ ਕੇ ਖਾਇ ਲਏ ਚਾਹੇ ਥਾਲੀ ਛਕੇ ਬੈਹਿ ਖੀਰਨ ਕੀ ॥

ਚਾਹੇ ਮਖਮਲ ਅਤਲਸ ਓਢ ਫਿਰੇ ਚਾਹੇ ਗੋਦੜੀ ਲੈ ਬਹੁ ਲੀਰਨ ਕੀ ॥
ਦਾਸ ਭਗਵਾਂਨ ਰਹੇ ਰੰਗ ਮੇਂ ਇਹ ਹੈ ਸਭ ਮੌਜ ਫਕੀਰਨ ਕੀ ॥
॥੧੨੮॥ ਸ੍ਵੈਯਾ ॥
ਆਪਣਾ ਆਪ ਜੋ ਜਾਣ ਲੀਓ ਅਨਲਹਕ ਚਾਹੇ ਯਕਲਖਤ ਕਹੇ ॥
ਚਾਹੇ ਖਮੋਸ਼ ਹੋ ਗੋਸ ਕਰੇ ਬੇਦ ਕੁਝ ਕਹੋ ਚਾਹੇ ਸਖਤ ਰਹੇ ॥
ਚਾਹੇ ਹੋ ਮਸਕੀਨ ਇਹ ਖੀਨ ਫਿਰੇ ਚਾਹੇ ਆਦਲ ਹੋ ਕਰ ਤਖਤ ਬਹੇ ॥
ਇਹ ਸਭ ਮੌਜ ਹੈ ਆਰਫ ਕੀ ਰਹੇ ਦਾਸ ਭਗਵਾਂਨ ਬੇਰਖਤ ਚਹੇ ॥
॥੧੨੯॥ ਸ੍ਵੈਯਾ ॥
ਹੈ ਸਭ ਦੇਸ ਹੀ ਸੰਤਨ ਕੇ ਚਾਹੇ ਜਾ ਅਫਗਾਂਨਸਤਾਂਨ ਰਹੇ ॥
ਚਾਹੇ ਇੰਗਲਸਤਾਂਨ ਕੀ ਸੈਰ ਕਰੇ ਚਾਹੇ ਬਾਤ ਬਲੋਚਸਤਾਂਨ ਕਹੇ ॥
ਚਾਹੇ ਸੰਗਲਾਦੀਪ ਸਮੀਪ ਰਹੇ ਚਾਹੇ ਜਾ ਬਿਚ ਰੇਗਸਤਾਂਨ ਬਹੇ ॥
ਇਹੁ ਸਭ ਖੇਲ ਹੈ ਆਰਫ ਕੇ ਰਹੇ ਹਿੰਦਸਤਾਂਨ ਭਗਵਾਨ ਚਹੇ ॥
॥੧੩੦॥ ਸ੍ਵੈਯਾ ॥
ਪਾਥਰ ਪੋਟ ਪਾਰੇਤ ਕੇ ਕੋਟ ਲੈ ਆਸਰਾ ਓਟ ਕਿਉਂ ਹੋਇਂ ਇਵਾਨਾ ॥
ਗੋਬਰ ਗਾਵ ਔ ਕਾਗਜ ਨਾਵ ਲੈ ਆਬ ਬਹੇ ਕੋਈ ਪੁਰਖ ਦੀਵਾਨਾ ॥
ਕਾਂਮਨ ਕੂਪ ਰਵਾਜ ਕੇ ਰੂਪ ਨਾ ਜੂਪ ਕੀ ਊਪ ਮੇਂ ਆਵਤ ਦਾਨਾ ॥
ਸ਼ੌਕ ਸ਼ਨਾਸ ਲੈ ਸਚ ਕੀਰਾਸਤੂੰ ਦਾਸਭਗਵਾਂਨ ਹੋ ਮਰਦ ਸਿਆਨਾ ॥
॥੧੩੧॥ ਸ੍ਵੈਯਾ ॥
ਰਾਉ ਨਾਂ ਰੰਕ ਨਸ਼ੰਕ ਰਹੇ ਜਬ ਅੰਕ ਲਖੇ ਮਿਲਿ ਆਸਕ ਕੋ ॥
ਆਖ ਕੀ ਧਾਰ ਗਵਾਰ ਪੜੀ ਨਾਹਿ ਪਾਇ ਲੀਆ ਆਇ ਲਾਸਕ ਕੋ ॥
ਹੈ ਕਹ ਕੇਲ ਇਹ ਖੇਲ ਕਹੋ ਜਹ ਮੇਲ ਸੇ ਮੌਜ ਉਪਾਸਕ ਕੋ ॥
ਆ ਚੜੇ ਰੰਗ ਨਾ ਸੰਗਤ ਜੋ ਤਜ ਦਾਸ ਭਗਵਾਂਨ ਆ ਫਾਸਕ ਕੋ ॥

॥੧੩੨॥ ਸ੍ਵੈਯਾ ॥

ਹੈ ਰਿਦੇ ਰਾਮ ਕਿਉਂ ਰਾਉਂਕੇ ਹੋਵਤ ਜੋ ਨਹੀਂ ਆਰਫ ਸੰਗ ਕਰੇ ਹੈ ॥
ਨਾ ਮਿਲੇ ਨੂਰ ਹੋ ਚੂਰ ਜੀਆ ਬਿਚ ਤਨ ਤਨੂਰ ਜਰੂਰ ਜਰੇਂ ਹੈ ॥
ਨਾਂ ਦਿਨ ਰੈਨ ਮੇਂ ਚੈਨ ਹੈ ਆਵਤ ਸੈਨ ਕਰੇ ਬਿਨ ਬੈਨ ਮਰੇ ਹੈ ॥
ਨਾ ਹਟੇ ਹੋਲ ਹੈਂ ਕੋਲ ਕਰੇ ਬਿਨ ਦਾਸ ਭਗਵਾਨ ਭੀ ਆਹ ਭਰੇ ਹੈ ॥

॥੧੩੩॥ ਸ੍ਵੈਯਾ ॥

ਰਾਂਓ ਕੀ ਰਾਸ ਕੇ ਭਾਖ ਬਲਾਸ ਨਾ ਹੋ ਕਰ ਖਾਸ ਆ ਆਸਨ ਮੇਂ ॥
ਕੂੜ ਖਿਆਲ ਨਾ ਦਿਲ ਵਿਚ ਡਾਲ ਹਕੀਕਤ ਹਾਲ ਲੈ ਸਾਸਨ ਮੇਂ ॥
ਜਾਇ ਤੋਹੀਦ ਪੈ ਦੀਦ ਚੜੇ ਜਬ ਦ੍ਵੈਤ ਗਈ ਭਏ ਖਾਸਨ ਮੇਂ ॥
ਰਾਉ ਨਾਂ ਰੰਕ ਨਾਂ ਸ਼ੰਕ ਕਛੂ ਅਬ ਦਾਸ ਭਗਵਾਨ ਬਲਾਸਨ ਮੇਂ ॥

॥੧੩੪॥ ਸ੍ਵੈਯਾ ॥

ਨਾ ਰਹੀ ਅਟਕ ਆ ਲਟਕ ਭਈ ਜਬ ਪਾਇਂ ਛੁਹੇ ਆਇ ਆਸੁਕਕੇ ॥
ਬੋਲ ਬਹਾਰ ਮਿਲੀ ਗੁਲਜਾਰ ਇਹ ਹੈ ਉਪਕਾਰ ਜੋ ਲਾਸਕ ਕੇ ॥
ਪਾ ਗੁਣ ਗੰਜ ਨਾ ਰੰਜ ਰਹੇ ਨਹੀਂ ਫੰਦ ਫਸੇ ਫਿਰ ਫਾਸਕ ਕੇ ॥
ਪਾਂਇ ਪਨਾਹ ਅਲਾਹਿ ਕੇ ਰੰਗ ਹੈਂ ਦਾਸ ਭਗਵਾਂਨ ਉਪਾਸ਼ਕ ਕੇ ॥

॥੧੩੫॥ ਸ੍ਵੈਯਾ ॥

ਨਾਂ ਬਿਨ ਬੋਧ ਕੇ ਸ਼ਾਂਤ ਹੈ ਆਵਤ ਹੋ ਗਿਰ ਕੰਦਰ ਬੀਚ ਚਹੇ ॥
ਚਾਹੇ ਗੋਮਤੀ ਗੰਗ ਕੇ ਤੀਰ ਫਿਰੇ ਚਾਹੇ ਬੀਚ ਬਨਾਰਸ ਜਾਇ ਰਹੇ ॥
ਸਾਖਿਆਤ ਸਰੂਪ ਨਾ ਹੋਤ ਇਵੇਂ ਚਾਹੇ ਬਣ ਮਹੰਤ ਇਕੰਤ ਬਹੇ ॥
ਨਾਂਸਤਸੰਗ ਕਾ ਰੰਗ ਚੜੇ ਜਬ ਦਾਸ ਭਗਵਾਨ ਕੀ ਭੇਦੁ ਲਹੇ ॥

॥੧੩੬॥ ਸ੍ਵੈਯਾ ॥

ਹੈ ਸਭ ਭੇਸ ਤੋ ਸਫਲ ਕੀਏ ਜਬ ਆ ਸਤਸੰਗ ਕੀ ਗੰਗ ਬਹੇ ॥
ਰੋਮ ਕਟਾਇ ਬਣੇ ਮੁੰਡੀਆ ਚਾਹੇ ਹੋ ਕਰ ਨੰਗ ਮਲੰਗ ਰਹੇ ॥

ਚਾਹੇ ਕੰਨ ਪੜਾਏ ਬਭੂਤ ਮਲੇ ਚਾਹੇ ਧੂਣੀਆਂ ਤਾਪ ਆ ਅੰਗ ਦਹੇ ॥
ਗਿਆਨ ਬਹੂੰਨ ਹੈ ਊਨ ਸਭੀ ਇਉਂ ਦਾਸ ਭਗਵਾਨ ਬਖਾਂਨ ਕਹੇ ॥

॥੧੩੭॥ ਸ੍ਵੈਯਾ ॥

ਹੈ ਸਭ ਦੇਸ ਦਸਾਨ ਬਿਖੇ ਇਕੁ ਆਪ ਹੀ ਆਪ ਨਾ ਹੋਰ ਹੈ ਕੋਈ ॥
ਅੰਤ੍ਰ ਬਾਹਰ ਪੂਰ ਰਿਹਾ ਇਹ ਹੈ ਜਹਿ ਸੂਤ ਮੇਂ ਸਭ ਪਰੋਈ ॥
ਨੇਤ ਹੀ ਨੇਤ ਜਹ ਬੇਦ ਬਖਾਂਨਤ ਹੈ ਪ੍ਰਮਾਤਮ ਆਤਮ ਸੋਈ ॥
ਹੈ ਤਹ ਭੇਦ ਮੇਂ ਭੇਦ ਲਖਾ ਜਹ ਦਾਸ ਭਗਵਾਂਨ ਹੈ ਜਾਂਨ ਬਲੋਈ ॥

॥੧੩੮॥ ਸ੍ਵੈਯਾ ॥

ਹੋਕਰ ਬੰਧਨਾ ਅੰਧ ਖਲੋ ਇਹ ਹੈ ਸਭ ਧੰਦ ਹੀ ਧੁੰਦ ਪਸਾਰਾ ॥
ਪਾਂਧੀ ਨਾਂ ਪੰਧ ਪੈ ਅਟਕ ਰਹੋ ਚਲੋ ਮਾਰਗ [1]ਮੋਖ ਇਹ ਪਾ ਗੁਫਤਾਰਾ ॥
ਜੈਂਹ ਤੁਮ ਔ ਹਮ ਹੈਂ [2]ਤਮ ਭਏ ਤਹ ਨਾਂ ਤਿਨ ਕਾਲ ਇਹਹੈਸੰਸਾਰਾ ॥
ਦਾਸ ਭਗਵਾਨ ਨਾਹੋ ਹਨ ਦਾਨ ਹਕੀਕਤਜਾਨ [3]ਬਿਗਿਆਂਨ ਬਹਾਰਾ ॥

॥੧੩੯॥ ਸ੍ਵੈਯਾ ॥

ਸਬਕ ਸਕੂਲ ਹੈਂ ਭੁਲ ਗਏ ਜਬ [4]ਮੂਲ ਮੁਕਾਲੇ ਕੋ ਸਮਝ ਖੜੇ ॥
[5]ਸੂਫੀਆ [6]ਕੋਲ ਕੀ ਡੋਲ ਕੋ ਲੈ ਕੀਏ ਲੁਗਤ ਆਹਲ [7]ਹਰੂਫ ਬੜੇ ॥
ਸਾਬਕ ਸਬਕ ਸੁਨੀਦ ਕਹਾਂ ਜਹਾਂ ਹਾਲ [8]ਤਹੀਦ ਪੈ ਦੀਦ ਚੜੇ ॥
ਸੁੰਮਨ ਬੁਕਨ ਹੋਇ ਰਹੰ ਅਬ ਦਾਸ ਭਗਵਾਂਨ ਨਾਂ ਬਰਕ ਫੜੇ ॥

॥੧੪੦॥ ਸ੍ਵੈਯਾ ॥

ਦਿਲ ਦਰਮਿਆਨਆ [9]ਆਰਜ਼ੂ ਲਾਮਤਆਸਇਹਲਜਤਸਾਬ ਹੀ ਬੀਤੇ ॥
[10]ਆਰਜਾਆਇਨਾ [11]ਬਾਤਨ [12]ਮੇਂਤਿਨਹੈ ਜਿਨਪ੍ਰੇਮ ਪਿਆਲੜੇ ਪੀਤੇ ॥

---

੧ਮੁਕਤ ੨ਖਤਮ ੩ਮਾਰਫਤ ੪ਮੂਲ ਕਹੀ ਹੁਈ ਬਾਤ ਅਰਥਾਤ ਮਹਾਂਵਾਕ ੫ਆਰਫ ੬ਵਚਨ ੭ਹਰੂਫ ਬੜੇ ਅਰਥਾਤ ਆਤਮ ਵਿਦਿਆ ੮ਮਾਰਫਤ ੯ਖ੍ਹਾਹਸ਼ ਅਰਥਾਤ ਇਛਿਆ ੧੦ਰੰਗ ੧੧ਅੰਤ੍ਰੀਵ ੧੨ਵਿਚ ।

[1]ਸੁਖਨ ਇਹ ਸਾਫ ਹੈਂ [2]ਲਾਫ ਨਾ ਜਾਣਤੂੰ ਨਾਹਮਕੋਲਹੈਕੱਸਬਕੇਕੀਤੇ ॥
ਆ [3]ਖੁਦ ਆਂਖ ਸੇ ਦੇਖਲਵੇ ਇਹ ਦਾਸ ਭਗਵਾਨ ਜੋਮਰ ਕਰ ਜੀਤੇ ॥
॥੧੪੧॥ ਸ੍ਵੈਯਾ ॥
[4]ਜਰ [5]ਛਰਾਇਤ ਛੋੜ ਜਮਾਇਤ ਪਕੜ [6]ਕਨਾਇਤ ਕਾਂਮ ਸਰੇ ॥
ਸਾਬਰ ਸਬਰ ਕਾ ਅਬਰ ਪੜੇ ਜਬ ਸੋਕ ਕੀ [8]ਸ਼ਾਖ ਆ [9]ਸਬਜ ਕਰੇ ॥
[10]ਕੈਹਤ ਦੂਰ [11]ਦਰਮਿਸਕ ਕਾ ਹੋਵਤ [12]ਬਾਤਨ ਬੀਚ ਧਿਆਂਨ ਧਰੇ ॥
ਸੁਖਨ [13]ਸਨਾਖਤ ਆਣ ਕਰੋ ਜਬ ਦਾਸ ਭਗਵਾਨ ਭੀ ਸਾਸ ਭਰੇ ॥
॥੧੪੨॥ ਸ੍ਵੈਯਾ ॥
ਆਹਿਹੋ ਸਰਦ ਐ ਹੈ ਰੰਗ ਜਰਦ ਜੋ ਹੈਂ ਤਰਚਸ਼ਮ ਆਹੋਇ ਰਹੀ ॥
ਇਹ ਅਲਾਮਤ ਬੀਚ ਜਿਸ ਮੁਬਤਲਾਇ ਹੈ ਇਸ਼ਕ ਮੇ ਸਖਸ ਬਹੀ ॥
ਉਮਦੇ ਹੈ ਆਦਤ ਬੀਚ [14]ਇਬਾਦਤ ਜਾਣ [15]ਸਾਆਦਤਮੰਦ [16]ਸਹੀ ॥
ਤੋੜਕੇ ਅਟਕ ਬੇਖਟਕ ਰਹੇ ਦੇਖੋ ਦਾਸ ਭਗਵਾਨ ਆਲਟਕ ਯਹੀ ॥
॥੧੪੩॥ ਸ੍ਵੈਯਾ ॥
ਬਸ ਬੁਲਾਓ ਨਹੀ ਹਮਕੋ ਕੋਈ ਨੋਸਨਸਾ ਕੀਆ ਹੈ ਹਮਨੇ ॥
ਤੁਹਫਾਤਯਸਰ [17]ਭਿਆਮੁਯਸਰ ਪਕੜ ਕਨਾਰ ਲੀਆ ਗਮਨੇ ॥
ਨਾਂ ਰਹੀ ਖਬਰ ਹੈ [18]ਆਲਮ ਕੀ ਏਹਾ ਆਇ ਅਰਾਮ ਕੀਆ ਦੰਮਨੇ ॥
ਦਾਸ ਭਗਵਾਂਨ ਦਿਲੇਦਰ ਮਿਆਨ ਨਸੀ ਕੀਆ ਹੈ ਅਬ ਆ ਰਮਨੇ ॥
॥੧੪੪॥ ਸ੍ਵੈਯਾ ॥
ਜਲਵਾਇ ਜਾਮ ਭਰਾ ਹੂਆ ਆਮ ਹੈ ਪੀਵੇਗਾ ਸੋ ਮਰੇ ਜੀਵਤ ਜੋ ॥
ਦੀਨ ਦੁਨੀ ਦਾਵਾ ਦੂਰ ਭਇਆ ਤਹ ਲਾਪਰਵਾਹ ਨਸੰ ਖੀਵਤ ਜੋ ॥
ਬਿਆਂਨ ਕਰੇ ਯਾਹਿ ਲੱਜਤ ਕੋ ਓਹੁ ਬੀਚ ਤਾਸੀਰ ਆ ਥੀਵਤ ਜੋ ॥
ਨੇਹਮਤਨੂਰਮੁ ਰੈਹਮਤ ਹੈ ਤਿਸ ਦਾਸਭਗਵਾਨ ਇਹ ਪੀਵਤ ਜੋ ॥

॥੧੪੫॥ ਸ੍ਵੈਯਾ ॥

[੧੯]ਤਿਫਲ ਤਫੈਲਹੋ ਉਮਰ ਅਵੈਲ ਮੇਂ [੨੦]ਜਾਹਦ ਜੈਲਕੈ ਗੈਲਜੋਆਵੇਂ ॥
ਉਲਫਤ ਆਰਫ ਲੁਤਫ [੨੧]ਤਜਾਰਤ ਸਮਝ ਇਸਾਰਤ ਜਿਆਰਤਪਾਵੇਂ ॥
ਰਾਹਿ ਰਿਆਜ਼ਤ ਹਕ ਇਜਾਜ਼ਤ ਕਰ ਮੁਤਾਬਕ ਮਰਤਬੇ ਜਾਵੇਂ ॥
ਗੌਂਸੀਹਜੂਰੀਦੇਮਰਤਬਾਮੁਰਸ਼ਦ ਦਾਸ ਭਗਵਾਨ ਜੇਚਸ਼ਮਚੜ੍ਹਾਵੇਂ ॥

॥੧੪੬॥ ਸ੍ਵੈਯਾ ॥

ਆਲਮ ਹੋ ਮਸ਼ਗੂਲ ਹੈਂ ਆਲਮ ਕੋਸ਼ਸ਼ ਇਲਮ ਸੇ ਫੈਜੁ ਕੀ ਪਾਯਾ ॥
ਜੋਹਫ ਜੁ ਜਿਗਰ ਮੇਂ ਦੀਗਰ ਹੈ ਗੈਂਗਾਗੈਬਸੇ ਗਜ਼ਬਕਾਇਸਉਠਾਯਾ ॥
ਜੇਰ ਔ ਜਬਰ ਕਾ ਅਬਰ ਚੜਾ ਤਮਾ ਬੀਚ ਤੁਫਾਨਕੀਸ਼ੋਰ ਮਚਾਯਾ ॥
ਦਾਸ ਭਗਵਾਂਨ ਹੈਰਾਨ ਹੂਏ ਨਹੀਂ ਹਰਫ ਕੀਤਰਫ ਆਰਾਮੁ ਜੁਆਯਾ ॥

॥੧੪੭॥ ਸ੍ਵੈਯਾ ॥

ਖਾਮ ਖਿਆਲ ਕੀ ਚਾਲ ਨਿਕਾਲ ਬਿਹਾਲ ਕਰੇ ਕਭੀ ਆ ਤੁਝੇ ਖੈਨੂੰ ॥
ਖੇਲਤ ਖੇਲਤ ਗੇਂਦ ਗਿਰੇ ਮਤ ਮਾਤ ਕਰੇ ਰਿਹਾਂ ਖੇਲ ਹੈਂ ਜੈਨੂੰ ॥
ਆ ਨਜਦੀਕ ਹੈ ਬਾਤ ਬਰੀਕ ਤਹਕੀਕ ਬਤਾਵਣ ਆਰਫ ਤੈਨੂੰ ॥
ਹੈ ਸਤਸੰਗ ਮੇਂ ਢੰਗ ਸਹੀ ਕੁਝੁ ਦਾਸ ਭਗਵਾਂਨ ਇਉਂ ਮਾਲਮ ਮੈਨੂੰ ॥

॥੧੪੮॥ ਸ੍ਵੈਯਾ ॥

ਰੋਕ ਰਕੀਬ ਕੋ ਹੁਬ ਹਬੀਬ ਸੇ ਬਾਤ ਅਜੀਬ ਇਹ ਜਾਣ ਜ਼ਰੂਰੀ ॥
ਗਾਫਲ ਗੋਰ ਸੇ ਤੋਰ ਤਰੀਕਤ ਸਮਝ ਹਕੀਕਤ ਆ ਅਬ ਪੂਰੀ ॥
ਪੂਤਲਾ ਪਾਕ ਹੈ ਖਾਕ ਵਿਖੇ ਇਹ ਖੋਜ ਕੇ ਹੋਰ ਹੁਨੋ ਸਹੁ ਨੂਰੀ ॥
ਪਾਇ ਤੌਹੀਦ ਲੈ ਦੀਦ ਸਹੀ ਇਹ ਦਾਸ ਭਗਵਾਨ ਤੂੰ ਧਾਰ ਸਬੂਰੀ ॥

---

੧ਬਚਨ ੨ਗਪ ੩ਆਪ ੪ਮਾਲ ੫ ਖੇਤੀ ੬ਕਨਾਇਤ ਅਰਥਾਤ ਸਬੂਰ। ੭ਬਦਲ ੮ਫ਼ਾਣੀ ੯ਹਰੀ ੧੦ਕਾਲ ੧੧ਅੰਤਹ ਕਰਨ ੧੨ਅੰਗੂਰ ੧੩ਪਛਾਣ ਬੰਦਗੀ ੧੪ਖ਼ਿਆਲਮੰਦ ੧੫ਸਚ ੧੬ਹਾਲਸ ੧੭ਨਾਂ ਰਹੀ ੧੮ਜਹਾਨ ੧੯ਬਾਲਕ ੨੦ਬੰਦਗੀ ਵਾਲੇ ੨੧ਸੁਦਾਗਰੀ ।

॥੧੪੯॥ ਸ੍ਵੈਯਾ ॥

ਜਿੰਦਗੀ ਜੋਕ ਲੈ ਫੋਕ ਚਲੋ ਏਹੋ ਹੋਵਣਾ ਸਾਬਤ ਹੋਣ ਕਰੋ ॥
ਆਇ ਗਰੀਜ ਮਰੀਜ ਭਇਆ ਰੂਹ ਆਰਫ ਘਾਟ ਪੈ ਧੋਣ ਧਰੋ ॥
ਬਾਂਧ ਕੇ ਕਮਰ ਇਹ ਅਮਰ ਲਵੋ ਨਹੀਂ ਗਾਫਲ ਹੋ ਵਿਚ ਰੋਣ ਮਰੋ ॥
ਦਾਸ ਭਗਵਾਂਨ ਗਿਆਂਨ ਪਛਾਂਨ ਇਹ ਪਾ ਅਭਮ ਨਕਾ ਹੋਣ ਹਰੋ ॥

॥੧੫੦॥ ਸ੍ਵੈਯਾ ॥

ਕਾਫਰ ਹੈਂ ਕਰ ਬਾਫਰ ਕਾਮ ਕੋ ਸਮਝ ਮੁਸਾਫਰ ਸਿਖ ਹਮਾਰੀ ॥
ਨਫਸ ਕੀ ਕੈਦ ਬੇ ਫੈਦ ਫਸੇਂ ਨਾਹਿ ਛੂਟਣ ਕੀ ਕੋਈ ਬਾਤ ਬਚਾਰੀ ॥
ਮਜ਼ਹਬੀ ਬੈਲ ਨਾ ਲਜਤ ਪਾਵਤ ਮੋਮਨ ਹੋਣ ਕੀ ਮੌਜ ਨਿਰਾਰੀ ॥
ਆਰਫ ਮਰਦ ਕੀ ਸੁਹਬਤ ਸੇ ਇਹ ਦਾਸ ਭਗਵਾਨ ਆਜ਼ਾਦਬਿਹਾਰੀ ॥

॥੧੫੧॥ ਸ੍ਵੈਯਾ ॥

ਹੈਫ ਹਜਾਰ ਹੈ ਕੈਫ ਕੇ ਪੀਣ ਕੋ ਸਾਬਰੀ ਸੈਫ ਨਾ ਆਂਣ ਉਠਾਏਂ ॥
ਮਰਗ ਕਰੀਬ ਹਬੀਬ ਖੜੀ ਨਾਹਿ ਨਫਸ ਰਕੀਬ ਕੋ ਮਾਰ ਮੁਕਾਏ ॥
ਦਾਮਨ ਦਾਗ ਹੈ ਰਾਗ ਰਹਿਾ ਅਬ ਨਾ ਬਦਫੈਲ ਬਛਾਵਣਾ ਚਾਏਂ ॥
ਦੇਖ ਹੈਸੀਅਤਨੀਤ ਨਾਬਾਂਧਤ ਦਾਸ ਭਗਵਾਨ ਆ ਸ਼ੋਰ ਮਚਾਏਂ ॥

॥੧੫੨॥ ਸ੍ਵੈਯਾ ॥

ਦੋਲਤ ਦਾਂਮ ਦੀਵਾਨ ਮਕਾਂਨ ਨਦਾਂਨ ਗੁਮਾਨ ਨਾਂਇਨ ਕਰੋ ॥
ਔਰਤ ਪੂਤ ਐ ਦੂਤ ਕੋ ਸੂਤ ਇਹ ਦੇਖ ਬਭੂਤ ਨਾ ਮਾਣ ਮਰੋ ॥
ਪਾ ਪੁਰ ਸਾਂਰਥ ਲੈ ਪਰਮਾਰਥ ਸਮਝ ਜਥਾਰਥ ਧਿਆਂਨ ਧਰੋ ॥
ਆਤਮ ਰੰਗ ਕੇ ਅੰਗ ਕੋ ਪਾ ਕਰ ਦਾਸ ਭਗਵਾਂਨ ਆਪਾਰ ਪਰੋ ॥

॥੧੫੩॥ ਸ੍ਵੈਯਾ ॥

ਪਾ ਦਰਵੇਸ਼ ਕਾ ਦੁਸਨੁ ਪ੍ਰਸਨੁ ਸੁਸਨ ਸਾਥ ਉਧਾਰ ਕਰੋ ॥
ਆ ਅਧਕਾਰ ਸੇ ਅਰਜ ਗੁਜਾਰ ਤਿਆਗ ਹੰਕਾਰ ਬਕਾਰ ਹਰੋ ॥

ਕੀਜੋ ਆ ਸੇਵ ਇਹ ਦੇਵ ਪਛਾਣ ਕੇ ਭੇਵ ਸੇ ਭੈ ਸੰਸਾਰ ਤਰੋ ॥
ਹੋਇ ਮਮੋਛੂ ਆਮੋਛ ਲਹੋ ਇਉਂ ਦਾਸ ਭਗਵਾਂਨ ਆ ਸਾਚ ਰਰੋ ॥
॥੧੫੪॥ ਸ੍ਵੈਯਾ ॥
ਲੇਖ ਲਿਲਾਟ ਕੇ ਪਲਟਤ ਆ ਸਤਸੰਗ ਕੀ ਸਾਟ ਹੋ ਸਾਦਕ ਖਾਂਏਂ ॥
ਕੂਕਰ ਸੂਕਰ ਗਰਧਬ ਜੋਨ ਹੈਂ ਨਾਂ ਕਰ ਕਰਮ ਜੋ ਇਹ ਪਲਟਾਏਂ ॥
ਨਾਮ ਔ ਰੂਪ ਜੋ ਮਾਨਤ ਆਪ ਕੋ ਇਹ ਸਭ ਤ੍ਰਿਗਦ ਜੋਨ ਕਹਾਏਂ ॥
ਆਸਰਾ ਆਪ ਇਹਨਾਮ ਔ ਰੂਪਕਾ ਦਾਸ ਭਗਵਾਂਨ ਦਨਾਸਮਝਾਏਂ ॥
॥੧੫੫॥ ਸ੍ਵੈਯਾ ॥
ਮਾਨਸ ਜਾਤ ਮੇਂ ਭੇਦ ਨਹੀਂ ਕੁਛੁ ਹੈ ਸਭ ਏਕ ਹੀ ਰੂਪ ਭਏ ॥
ਸਜਾਤੀ ਬਜਾਤੀ ਹੈਂ ਮੰਨਤ ਮੇਂ ਨਹੀਂ ਅੰਗ ਕੋ ਦੂਸਰ ਹੋਇ ਗਏ ॥
ਆਤਮ ਗਿਆਂਨ ਸੁਭਾਂਵ ਸਜਾਤੀ ਅਗਿਆਤ ਆ ਅੰਗ ਬਜਾਤ ਪਏ ॥
ਛੋਡ ਬਣਾਵਟ ਕੂੜ ਕੀ ਮੰਨਤ ਦਾਸ ਭਗਵਾਂਨ ਬਚਾਰ ਲਏ ॥
॥੧੫੬॥ ਸ੍ਵੈਯਾ ॥
ਅਕਾਸ ਹੋ ਨਿਰਮਲ ਹੈ ਪੜੇ ਬਾਦਲ ਸਬ ਪਦਾਰਥ ਹੈਂ ਦ੍ਰਿਸ ਆਤੇ ॥
ਹੋਇ ਬੈਰਾਗ ਤ੍ਰਤੀਬ੍ਰ ਹੈ ਤਿਉਂ ਅੰਤਸ ਕਰਨ ਹੋ ਸੁਧ ਹੈਂ ਜਾਤ ॥
ਸਤ ਅਸਤ ਕੋ ਦ੍ਰਿਸ ਲਖੇ ਜਬ ਆਤਮ ਗਿਆਂਨ ਤੋ ਹੈਂ ਪ੍ਰਸਾਂਤੇ ॥
ਪਾ ਨਿਜਰੂਪ ਸਰੂਪ ਸਹੀ ਅਬ ਦਾਸ ਭਗਵਾਨ ਨਹੀਂ ਬਿਲ ਲਾਤੇ ॥
॥੧੫੭॥ ਸ੍ਵੈਯਾ ॥
ਬੋਹਥ ਬਾਂਧ ਲੀਓ ਗੁਰ ਸ਼ਬਦ ਕਾ ਹੈ ਤਿਸ ਊਪਰ ਆਨ ਖੜੇ ॥
ਇਹ ਭਵ ਸਾਗਰ ਪਾਰ ਪਏ ਜਬ ਸਤ ਗੁਰ ਕੇ ਹਮ ਸਰਨ ਪੜੇ ॥
ਆਇ ਅਨੰਦ ਅਕਹ ਭਇਆ ਜਹ ਜਾ ਅਸਥਾਨ ਹੈਂ ਅਬ ਚੜੇ ॥
ਪ੍ਰੇਮ ਪਹਾਰ ਕੋ ਪਾਕਰ ਹੈ ਅਬ ਦਾਸ ਭਗਵਾਂਨ ਇਹ ਘਾਟ ਘੜੇ ॥

॥੧੫੮॥ ਸ੍ਵੈਯਾ ॥

ਪਾਂਬ੍ਰ ਪੁਰਸ ਸੁਭਾਵ ਸਹੀ ਨਾਹਿ ਆਣ ਨਹੀਂ ਤਿੱਸ ਚੀਤ ਧਰੋ ॥
ਦੂਸਰ ਨਾਮ ਸੁਭਾਵ ਬਖਈ ਜੋ ਜਾਣ ਇਹ ਕਾਂਮ ਨਾਂ ਹੇਤ ਹਰੋ ॥
ਹੈ ਜੁਗਿਆਸੁ ਸਭਾਵ ਸਰੇਸਟ ਲੈ ਰਿਦ ਧਾਰਨ ਏਹ ਕਰੋ ॥
ਮੁਕਤ ਸੁਭਾਵ ਜੋ ਚਤਰਥ ਹੈ ਇਹ ਦਾਸ ਭਗਵਾਂਨ ਹੈ ਅਪਰ ਪਰੋ ॥

॥੧੫੯॥ ਸ੍ਵੈਯਾ ॥

ਚੁਹਲ ਚਮਨ ਕੇ ਗਮਨ ਵਿਖ ਈਹਾਂ ਬਮਨਕਰੇ ਕੋਈ ਆਇਦਿਵਾਨਾ ॥
ਸੋਹਤ ਕੀ ਸਭ ਸਿਫਤ ਗਈ ਜਬ ਬਿਫਤ ਮੇ ਹੈ ਇਹ ਰੂਹ ਗਰਦਾਨਾ ॥
ਸੋਰ ਕਰੇ ਕੁਛ ਹੋਰ ਹੀ ਹੋਕਰ ਆਪਣੇ ਆਪ ਕੋ ਭੁਲ ਨਦਾਨਾ ॥
ਦਾਸ ਭਗਵਾਂਨ ਬਿਆਂਨ ਪ਼ਛਾਨ ਨਾ ਉਮਰ ਜੁਆਨਮੇ ਹੋਹ ਦੀਵਾਨਾ ॥

॥੧੬੦॥ ਸ੍ਵੈਯਾ ॥

ਏ ਪਰਦੇਸੀਆ ਜੀਉੜਿਆ ਸਮਝ ਲੈ ਨਾਂ ਇਹ ਦੇਸੁ ਹਮੇਸ ਹਮਾਰਾ ॥
ਹੈ ਕੋਈ ਕਾਲ ਖ਼ਾਬ ਖਿਆਲ ਇਹ ਦੇਖ ਹੁਵਾਲ ਨਾ ਪਾਉ ਪਸਾਰਾ ॥
ਭਾਰਜਾ ਭੈਣ ਜੁ ਬੈਣ ਕਰੇ ਇਨੀ ਨਾ ਕੁਛ ਕਰਨਾ ਹੈ ਆਇ ਸਹਾਰਾ ॥
ਕੂੜਕੀ ਖੇਲਕਾਮੇਲਭਇਆਇਹ ਦਾਸ ਭਗਵਾਨ ਆ ਪਕੜ ਕਨਾਰਾ ॥

॥੧੬੧॥ ਸ੍ਵੈਯਾ ॥

ਚੇ ਗੋਸੀ ਕੁਲਾਹਿ ਹੈ ਪੈਹਨ ਲਈ ਜਬ ਸਾਹਿਨ ਸਾਹਿਕਾ ਮਗਜਲੀਓ ॥
ਦੁਨੀਆਕੀ ਤਰਕ ਕਾ ਗੋਸਾ ਲੀਓਇਕਦੂਸਰਤਰਕ *ਉਕਥਾਇਕੀਓ ॥
ਮੌਲਾ ਕੀ ਤਰਕ ਕਾ ਗੋਸਾ ਤੀਆ ਚੋਥੇ ਤਰਕ ਕੀ ਤਰਕ ਹੈਆਣਥੀਓ ॥
ਇਹ ਸਿਰਤਾਜ ਹੈ ਫਕਰ ਕੇ ਜਬ ਦਾਸ ਭਗਵਾਂਨ ਉਡਾਵਤ ਥੀਓ ॥

॥੧੬੨॥ ਸ੍ਵੈਯਾ ॥

ਕਾਬਾਹੈਕਲਬਜਹ ਤਲਬਹੋ ਹਾਂਸਲ ਅਰਥ ਕੇ ਮੁਲਖਨਾ ਭਾਲੁਟਕਾਨਾ ॥

*ਦੂਸਰਾ ਜਹਾਨ ਅਰਥਾਤ ਪਰਲੋਕ ।

*ਸਾਲਕ ਹੋਕਰ ਮਾਲਕ ਕੋ ਮਿਲ ਹੋ ਖੁਦ ਖਾਲਕ ਮਸਤ ਦੀਵਾਨਾ ॥
ਰੰਜੋ ਰਾਹਤਕੀ ਨਾਹਿ ਆਹਿਟ ਹੈ ਜਹਐਨ ਅਜਾਇਬਕਿਬਲਾਇਖਾਨਾ ॥
ਮੁਰਸਦ ਕਾਮਲ ਮੇਹਰ ਸੇ ਅਬ ਦਾਸ ਭਗਵਾਨ ਹੈ ਸਾਚੁ ਪਛਾਨਾ॥

॥੧੬੩॥ ਸ੍ਵੈਯਾ ॥

ਸਾਹਿਬ ਸਬਰ ਇਹ ਖਵਰ ਲਵੋ ਇਸ ਹੈ ਬਿਚ ਕੱਬਰਕੇ ਕੋਣ ਸਮਾਯਾ ॥
ਗਨੀ ਗਰੀਬ ਜਹ ਜੇਰ ਜਰੀਬ ਹਬੀਬ ਕਹੁ ਹਾਕਮ ਕੋਣ ਹੈ ਆਯਾ ॥
ਭੇਦ ਲਬਾਸ ਕੀਆਇਜਲਾਸ ਹੋ ਮੁਨਸਫ ਖਾਸ ਹੈ ਕਦਮ ਟਿਕਾਯਾ ॥
ਦਾਸ ਭਗਭਾਨ ਲਖੋ ਦਿਲਦਾਨ ਹੋ ਜਾਂਨ ਕੀ ਜਾਂਨਹੈ ਜਾਂਨ ਕਹਾਯਾ ॥

॥੧੬੪॥ ਸ੍ਵੈਯਾ ॥

ਨਾਂ ਪੜ ਆਇਤ ਸਮਝ ਹਿਦਾਇਤ ਹੋਇ ਇਨਾਇਤ ਕਾਮਲ ਤੇ ॥
ਕਿਬਰ ਕਨੂਨ ਨਾਂ ਹੋ ਗੂਨਾ ਗੂਨ ਏਹ ਜਾਏ ਜਨੂਨ ਹੈ ਆਮਲ ਤੇ॥
ਆਰਫ ਚਾਲ ਹਕੀਕਤ ਹਾਲ ਇਹ ਕਰਮ ਕਮਾਲ ਹੋ ਸ਼ਾਮਲ ਤੇ ॥
ਦਾਸ ਭਗਵਾਨ ਇਹ ਸਚ ਕੁਕਾਨ ਲੈ ਪਾ ਆਰਫਾਨਾਂ ¹ਅਨਾਮਲ ਤੇ ॥

॥੧੬੫॥ ਸ੍ਵੈਯਾ ॥

ਬੂਦੋ ਬਾਸ਼ ਵਲਾਇਤਛੋੜ ਦਈ ਅਬਪਾਇਲੀਆ ਈਹਾਂ ਆਇਮਜਾਰਾ ॥
ਰੋਹ ਜਨ ਬੀਚ ਸਕੂਨਤ ਦਾਖਲ ਸਮਝ ਚਲੀਂ ਕੁਝ ਐ ਦਿਲਦਾਰਾ ॥
ਏਹ ਬੰਦੋ ਬਸਤ ਹੋ ਕੋਸ਼ਸ਼ ਸੇ ਨਹੀਂ ਸ਼ੋਰੁ ਪਵੇ ਕਭੀ ਆਨ ਕਰਾਰਾ ॥
ਦਾਸ ਭਗਵਾਨ ਨਾਂ ਹੋਹ ਨਦਾਂਨ ਲੈ ਰਮਜ਼ ਪਛਾਨ ਹੈ ਕੀ ਗੁਫਤਾਰਾ ॥

॥੧੬੬॥ ਸ੍ਵੈਯਾ ॥

ਸਾਹਿਬ ਲੋਕ ਇਹ ਬਾਤ ਬਤਾਵਤ ਹੈ ਸਭ ਰੂਪ ਹੀ ਯਾਰ ਯਗਾਨਾ ॥
ਹੈ ਖੁਦ ਖਾਸ ਸਨਾਸ ਕਰੋ ਨਹੀਂ ਦੂਸਰ ਹੋਰ ਕੋ ਜਾਣ ਬਗਾਨਾ ॥

*ਰਾਹ ਚਲਨੇ ਵਾਲੇ ਖੁਦਾ ਦੋਸਤ । ੧ ਉਂਗਲੀਆਂ ਅਰਥਾਤ ਇਸ਼ਾਰੇ ।

ਨੂਰ ਕੀ ਚਾਦਰ ਹੈ ਸਭ ਸਾਦਰ ਅਰਬਾ ਇਨਾਸਰ ਹੈ ਹਮਾਖਾਨਾ ॥
ਦਾਸ ਭਗਵਾਨ ਗੁਮਾਨ ਕੇਹਾ ਜਬ ਗੈਰ ਨਹੀਂ ਕਿਤੇ ਸਮਝ ਨਦਾਨਾ ॥

॥੧੬੭॥ ਸ੍ਵੈਯਾ ॥

ਸੁਰਤ ਸਮਾਲ ਨਾਂ ਹੋਹ ਨਢਾਲ ਖਿਆਲ ਲਖੋ ਅਬ ਆ ਅੰਦਰੂਨੀ ॥
ਚਸ਼ਮ ਉਘਾੜ ਤਹ ਤਾੜ ਕਰੋ ਜਹ ਚਸ਼ਮਾਇ ਨੂਰ ਭਿਆ ਗੂਨਾਗੂਨੀ ॥
ਕਰ ਕਰ ਨੋਸ਼ ਖਮੋਸ਼ ਭਏ ਗਏ ਹੋ ਫਰਾਮੋਸ਼ ਹੈਂ ਜੋਸ਼ ਨਮੂਨੀ ॥
ਮਿਲਜਾਤ ਮੇਂ ਜਾਤਹੋਜਾਤ ਗਏ ਜਬ ਦਾਸ ਭਗਵਾਨ ਹੈਂ ਅਮਰ ਅਜੂਨੀ ॥

॥੧੬੮॥ ਸ੍ਵੈਯਾ ॥

ਮੁਹਬਤ ਆਰਫ ਐਨ ਕਰੀ ਜਬ ਗੈਨ ਕੀ ਸੂਰਤ ਦੂਰ ਪਰੀ ॥
ਸਮਝੀ ਹੈ ਸੈਨ ਉਠਾ ਕਰ ਨੈਨ ਹੈ ਚੈਨ ਭਈ ਦਿਨ ਰੈਨ ਖਰੀ ॥
ਪਾਕ ਬੇਬਾਕ ਭਏ ਤਬ ਤੇ ਜਬ ਤੇ ਨਾਂਹਿ ਗੈਰ ਪੈ ਨਜ਼ਰ ਧਰੀ ॥
ਨਾਮ ਨਸ਼ਾਨ ਨਹੀਂ ਨੁਕਤਾ ਜਹ ਦਾਸ ਭਗਵਾਨ ਬਹਾਰ ਕਰੀ ॥

॥੧੬੯॥ ਸ੍ਵੈਯਾ ॥

ਐਹਲ ਤਮੀਜ਼ ਅਜੀਜ਼ ਬਣੋ ਅਬ ਭਰਮ ਭਿਆਨਕ ਮੇਂ ਸਭ ਹੀ ॥
ਈਰਖਾ ਬਾਦ ਉਠਾਇ ਦੋਊ ਸੁਧ ਸਾਂਤ ਸਰੂਪ ਕੋ ਧਾਰ ਸਹੀ ॥
ਵਰਨ ਅਸਰਮ ਕਾ ਮਾਣ ਤਜੋ ਇਕ ਗੋਬਿੰਦ ਜਾਣਿਓ ਸੂਬ ਮਹੀ ॥
ਜਹ ਕਹ ਏਕ ਬਿਰਾਜ ਰਿਹਾ ਏਹ ਦਾਸ ਭਗਵਾਨ ਹੈਬਾਤ ਸਹੀ ॥

॥੧੭੦॥ ਸ੍ਵੈਯਾ ॥

ਸਤਿਗੁਰ ਮੇਲ ਸੇ ਖੇਲ ਲਖੀ ਇਕ ਤੂਜ ਤਰੀਕਾ ਹੈ ਜਾਹਿ ਨਿਰਾਰਾ ॥
ਨਾ ਰਹੀ ਹਾਜਤ ਹੁਜਤ ਕੀ ਅਬ ਨਾ ਹਮ ਦੰਭ ਕਾ ਖੰਭ ਖਲਾਰਾ ॥
ਹੋ ਮੁਤਅਜਬ ਮਹਵ ਹੈਂ ਅਬ ਦੇਖਿਆ ਆਣ ਅਲਾਹਿ ਇਸਾਰਾ ॥
ਕਾਰਬ ਲਖਣ ਕਾਂਖਿਆ ਭਖਣ ਦਾਸ ਭਗਵਾਂਨ ਤੌਹੀਦ ਕਨਾਰਾ ॥

॥੧੭੧॥ ਸ੍ਵੈਯਾ ॥

ਬੈਠ ਬਿਚਾਰ ਇਕੰਤ ਕਰੀ ਜਬ ਤੰਤ ਪ੍ਰੇਮ ਕੀ ਆਣ ਬਜੀ ॥
ਨਾ ਅਬ ਸੰਗ ਪਤੰਗ ਕਰੀ ਯਕਰੰਗ ਹੋ ਅੰਗ ਉਮੰਗ ਤਜੀ ॥
ਗਈਗਾਂਠ ਅਗਿਆਨ ਨਾ ਸਾਂਠਰਿਹਾ ਪੂਜਾ ਪਾਠ ਨਾ ਠਾਠਪ੍ਰੇਮ ਗਜੀ ॥
ਪਾ ਬਿਸਰਾਂਮ ਨਾ ਸੁਬਹਾਇ ਸਾਮਜਹ ਦਾਸ ਭਗਵਾਂਨ ਬਹਾਰ ਸਜੀ ॥

॥੧੭੨॥ ਸ੍ਵੈਯਾ ॥

ਬੈਹਰ ਬੂੰਦ ਹੋ ਇਕ ਗਏ ਲਖ ਕੌਣ ਜਾਂ ਆਬ ਮੇ ਆਬ ਪਿਆ ਹੈ ॥
ਦ੍ਵੈਤ ਕੀ ਸਾਖ ਹੈ ਦੂਰ ਭਈ ਜਬ ਵਹਿਦ ਵਾਹਿਦ ਹੋਇ ਗਿਆ ਹੈ ॥
ਗੈਰ ਇਲਾਮਤ ਉਠ ਗਈ ਸਬ ਨੂਰ ਹੀ ਨੂਰ ਸਮਾਇ ਰਹਿਆ ਹੈ ॥
ਜਮਾਬੀਚੁਆਜੁਜਹੈਜਮਾਹੂਈ ਇਉਂ ਦਾਸ ਭਗਵਾਨਅਲਾਹਿਭਇਆਹੈ ॥

॥੧੭੩॥ ਸ੍ਵੈਯਾ ॥

ਜਾਣਿਆਂ ਆਂਮ ਹੈ ਜਗ ਤਮਾਮ ਇਹ ਸੁਬ ਹੀ ਖਾਮ ਹੈ ਚਾਂਮ ਪਸਾਰਾ ॥
ਗਿਆਨ ਧਿਆਨ ਲੈ ਸਾਚ ਪਛਾਨ ਹੋ ਸੁਘੜ ਸੁਜਾਨਅਭੇਦਿਲਦਾਰਾ ॥
ਮਾਨਤ ਲਾਹਿ ਲੈ ਪਾਹਿ ਪਨਾਹਿ ਹੈ ਸਭ ਫਨਾਹਿ ਅਕਾਰ ਬਹਾਰਾ ॥
ਓਂਕਾਰਅਧਾਰਸਭੋਨਿਰਾਕਾਰ ਹੈ ਦਾਸ ਭਗਵਾਨਇਹਬੋਲ ਬਚਾਰਾ ॥

॥੧੭੪॥ ਸ੍ਵੈਯਾ ॥

ਸਮਝ ਜੁਆਂਨ ਹੈਂ ਹਮ ਮਹਿਮਾਨ ਇਹ ਕੂਚ ਜਹਾਨ ਨਦਾਨ ਕਰੈਂਗੇ ॥
ਮੁਹਲਤ ਨਾਦੰਮ ਏਕ ਮਿਲੇ ਕੁਛੁ ਨਾਂ ਕਰ ਹੁਜਤ ਛਿਨ ਅਰੈਂਗੇ ॥
ਮਸਲਹਤ ਬਾਝ ਹੀ ਉਠ ਚਲੇਂ ਅਗੇ ਕਾਲ ਕਰਾਰ ਨਾ ਮੂਲੁ ਫਰੈਂਗੇ ॥
ਪਾਵ ਪਸਾਰ ਖਲਾਰ ਕਰੇਂ ਇਹ ਓੜਕ ਦਾਸ ਭਗਵਾਨ ਹਰੈਂਗੇ ॥

॥੧੭੫॥ ਸ੍ਵੈਯਾ ॥

ਇਹ ਸੰਸਾਰ ਬਕਾਰ ਬਜਾਰ ਹੈ ਦੁਖ ਹਜਾਰ ਬਗਾਰ ਭਰਾ ॥
ਜਨਮ ਔ ਮਰਨ ਤੋ ਭੁਖ ਪਿਆਸ ਹੈ ਰਾਗ ਦੁਐਖ ਬਕਾਰ ਖਰਾ

ਤ੍ਰਿਪਤ ਨਹੀਂ ਕੁਝ ਭੋਗਨ ਮੇਂ ਇਨ ਭੋਗ ਅਰਾਂਮ ਕਹੁ ਕਿਨ ਕਰਾ ॥
ਹੋ ਉਪਰਾਂਮ ਰਹੋ ਅਠ ਜਾਂਮ ਹੀ ਦਾਸ ਭਗਵਾਨ ਨਦਾਨ ਨਰਾ ॥

॥੧੨੬॥ ਸ੍ਵੈਯਾ ॥

ਬੋਧ ਬਹੀਨ ਨਾ ਚੀਨਸ ਆਤਮ ਜੋ ਪ੍ਰਬੀਨ ਹੈ ਸੂਬ ਕਲਾ ॥
ਧਾਵਤ ਧਾਵਤ ਦਿਵਸ ਗਿਆ ਗਈ ਰੈਨ ਹੈ ਸੈਨ ਮੇਂ ਸਭ ਖਲਾ ॥
ਅਵਸਰ ਫੇਰ ਨਾਂ ਇਹ ਮਿਲੇ ਜਾਂਦਾ ਜਨਮ ਅਮੋਲਕ ਛੈਲ ਛਲਾ ॥
ਹਿੰਮਤ ਹਾਰ ਨਾ ਧਾਰੁ ਬਚਾਰ ਕੋ ਦਾਸ ਭਗਵਾਨ ਹੋ ਅਮਲ ਸਲਾ ॥

॥੧੨੭॥ ਸ੍ਵੈਯਾ ॥

ਏਕ ਅਕਾਲ ਕੀ ਘਾਲ ਕਮਾਲ ਓਹੁ ਹਰ ਹਰ ਹਾਲ ਸੰਭਾਲ ਚਲੋ ॥
ਤਿਆਗ ਗੋਪਾਲ ਨਾ ਆਨ ਸੇ ਲਾਗਨਾਂ ਬੀਚ ਜੰਜਾਲ ਜੁਵਾਲ ਜਲੋ ॥
ਸਾਚ ਸੇਂ ਰਾਚਨਾ ਕਾਚ ਮੇਂ ਮਾਚ ਇਹ ਪਾਕਰ ਵਾਚ ਅਵਾਚ ਖਲੋ ॥
ਹੋ ਨਿਰਪੱਖ ਅਲਖ ਲਖੋ ਅਬ ਦਾਸ ਭਗਵਾਨ ਅਛਲ ਛਲੋ ॥

॥੧੨੮॥ ਸ੍ਵੈਯਾ ॥

ਬੀਚ ਸਰਾਇੰ ਮੁਸਾਫਰ ਹੈਂ ਕੋਈ ਦੰਮ ਗੁਜਾਰ ਕੇ ਉਠ ਚਲੈਂਗੇ ॥
ਕਰ ਪਸਾਰ ਗੁਵਾਰ ਨਹੀਂ ਈਹਾਂ ਦਾਵੇ ਸੇ ਮੂੰਹ ਸਭ ਖਾਕ ਮਲੈਂਗੇ ॥
ਬਾਤ ਬਚਾਰ ਬਪਾਰ ਕਰੋ ਕੁਝ ਓੜਕ ਹੋਇ ਨਿਰਾਸ ਖਲੈਂਗੇ ॥
ਹੋਹ ਬੇਦਾਰ ਲਖੀ ਗੁਫਤਾਰ ਹੈ ਦਾਸ ਭਗਵਾਨ ਆਜਾਤ ਰਲੈਂਗੇ ॥

॥੧੨੯॥ ਸ੍ਵੈਯਾ ॥

ਹੋ ਇਸ਼ਤਿਆਕ ਬੇਬਾਕ ਜਿਸੇ ਓਹ ਹੈ ਮੁਸ਼ਤਾਕ ਬੇਝਾਕ ਵਲੇ ॥
ਹਿਜਰ ਹਿਲਾਕ ਫਿਰਾਕ ਗਏ ਬਹੇ ਹੋਕਰ ਪਾਕ ਨਾ ਖਾਕ ਮਲੇ ॥
ਹੋ ਹਮਵਾਰ ਨਿਹਾਰ ਰਹੇ ਭਏ ਵਸਲ ਵਸਾਲ ਹੁਵਾਲ ਭਲੇ ॥
ਦੂਈ ਦੂਰ ਸੇ ਨੂਰ ਹੋ ਨੂਰ ਰਹੇ ਹੁਣ ਦਾਸ ਭਗਵਾਨ ਭੀ ਉਠ ਚਲੇ ॥

॥੧੮੦॥ ਸ੍ਵੈਯਾ ॥

ਐਨ ਮੁਹਾਤਮਾਂ ਮਤ ਵਿਖੇ ਮਤ ਮਲਨ ਹੋ ਜਾਤ ਹੈ ਸੰਗ ਕੁਸੰਗੀ ॥
ਭੂਲ ਕਰੋ ਨਾਹਿ ਨੇੜ ਕਭੀ ਇਨ ਮੇਲ ਸੇ ਖੇਲ ਹੋ ਜਾਇ ਕੁਰੰਗੀ ॥
ਨੀਤ ਕੋ ਤੋੜ ਅਨੀਤ ਕਰੇ ਨਾਹਿ ਮੀਤ ਪ੍ਰੀਤ ਹੈਂ ਪਾਂਬਰ ਚੰਗੀ ॥
ਦਾਸ ਭਗਵਾਨ ਜੇ ਹੋਇ ਸਕੇ ਕੁਝ ਬਾਤ ਕਰੋ ਕਿਤੇ ਪਾ ਸਤਸੰਗੀ ॥

॥੧੮੧॥ ਸ੍ਵੈਯਾ ॥

ਸਾਕਤ ਕੋ ਐਸੇ ਸੀਖ ਕਰੀ ਜੈਸੇ ਮੂਰਖ ਮੰਦ ਮਵਾਦ ਨਿਕਾਲਾ ॥
ਅਵਗੁਣ ਆਣ ਭਆ ਸਭ ਗੁਣਨਕਾਂਬਸੀਅਰ ਕੋਜਿਵੇਂ ਦੂਧਪਿਆਲਾ ॥
ਤਪਤ ਤਨੂਰ ਗਰੂਰ ਭਰਾ ਨਹੀਂ ਸੇਹਤ ਜਾਮ ਕਾ ਦੇ ਹਵਾਲਾ ॥
ਦਾਸ ਭਗਵਾਨ ਨਦਾਨ ਨਾ ਪਰਸੀਏ ਸਾਕਤ ਸਮਝਕੇ ਬਾਸਨ ਕਾਲਾ ॥

॥੧੮੨॥ ਸ੍ਵੈਯਾ ॥

ਬੀਚ ਮਹਬਤ ਨਾ ਕੁਝ ਲਜ਼ਤ ਭੂਲ ਕਰੇ ਨਾਹਿ ਨਾਰ ਪ੍ਰੀਤੀ ॥
ਓੜਕ ਔਰ ਹੋ ਗੈਰ ਬਣੇ ਨਹੀਂ ਖੈਰ ਕਰ ਇਹ ਪਾਪ ਪਲੀਤੀ ॥
ਬੀਚ ਬਚਾਰ ਆ ਹਾਰ ਪਰੀ ਗਈ ਕੋਲ ਕਰਾਰ ਬਸਾਰ ਹੀ ਜੀਤੀ ॥
ਝੂਠ ਕਹੂੰ ਨਾਹਿ ਰੰਚਕ ਮਾਤਰ ਦਾਸ ਭਗਵਾਂਨ ਹੈ ਊਪਰ ਬੀਤੀ ॥

॥੧੮੩॥ ਸ੍ਵੈਯਾ ॥

ਮਾਇਆ ਕੀ ਭਾਹਿ ਲਗੀ ਚਹੂੰ ਓਰ ਹੈ ਭਾਗ ਚਲੇਂ ਅਬ ਕਿਧਰ ਕੋ ॥
ਆਇ ਦਰੇਗ ਭਯਾ ਮਨ ਹੈ ਦੇਖੀ ਆਗ ਲਗੀ ਸਭ ਹੀ ਧਿਰ ਕੋਂ ॥
ਪੜ ਪੁਕਾਰ ਚੋਤਰਫ ਰਹੀ ਦੇਂਖਾਂ ਆਂਖ ਉਠਾਇ ਮੈਂ ਜਿਧਰ ਕੋ ॥
ਸਤਸੰਗ ਸਰੋਵਰ ਸ਼ਾਂਤ ਬਹੇ ਹੁਣ ਦਾਸ ਭਗਵਾਂਨ ਆ ਇਧਰ ਕੋ ॥

॥੧੮੪॥ ਸ੍ਵੈਯਾ ॥

ਹੌਂ ਮਸਕੀਨ ਹਾਂ ਦੀਨ ਅਤੀ ਕਰ ਬਖਸ਼ਨ ਹਾਰ ਤੂੰ ਸਾਹਿਬ ਮੇਰਾ ॥
ਮੈਂ ਮਹਾਂ ਮੰਦ ਅਤੀ ਮਤ ਅੰਧ ਨਾਂ ਜਾਣਿਆ ਹੈ ਗੁਣ ਸਤਿਗੁਰ ਤੇਰਾ ॥

ਦੀਨ ਦਿਆਲ ਦਇਆ ਨਿਧ ਜੀ ਇਹ ਭੂਲਣਹਾਰ ਹੈ ਮੂੜ ਘਨੇਰਾ ॥
ਹਾਰ ਪੜਾ ਦਰ ਆਪਕੇ ਮਾਲਕ ਦਾਸ ਭਗਵਾਂਨ ਨਦਾਨ ਏਹ ਚੇਰਾ ॥
॥੧੯੫॥ ਸ੍ਵੈਯਾ ॥
ਆ ਅਗਿਆਨ ਜਹਾਂਨ ਭਆ ਅਬ ਆਨ ਕੀ ਆਨ ਹੈਂ ਬਾਤ ਚਲਾਤੇ ॥
ਸਮਝਣ ਸਾਰ ਨਾ ਕਰਨ ਬਚਾਰ ਇਹ ਬਾਹਜ ਬਿਹਾਰ ਸਭੀਬਤਲਾਤੇ ॥
ਬ੍ਰਿਤੀ ਸੰਕੋਚਨ ਬਾਤ ਨਹੀਂ ਸਗੋਂ ਦੇ ਉਪਦੇਸ਼ ਇਹ ਹੈਂ ਸੰਸਰਾਤੇ ॥
ਦਾਸ ਭਗਵਾਨ ਨਦਾਂਨ ਬਣੇ ਇਕ ਜਾਣ ਦ੍ਵੈਤ ਨਾ ਦੂਰ ਹਟਾਤੇ ॥
॥੧੯੬॥ ਸ੍ਵੈਯਾ ॥
ਮਾਇਆ ਤਜੀ ਨਹੀਂ ਮਾਨੁ ਤਜਾਨਹੀਂਗਿਆਨਭਆਂਜਬਹੈਂਉਨਮਾਦੀ ॥
ਬਣਆਪਕੋਕੁਝਦਖਾਵਤਹੈਂਇਹਨਿਸਦਿਨ ਆਇ ਅਵਿਦਿਆ ਹੈਸਾਧੀ ॥
ਦਿਲੋਂ ਦੂਜ ਸੇ ਪੂਜ ਕਰਾਵਤ ਹੈਂ ਅਭਮਾਨ ਤਜੇਂਨਹੀਂਅਬਬਿਖਾਹਦੀ ॥
ਬ੍ਰਿਤਅਵਿਦਯਾਮੇਂਲਾਗ ਰਹੀ ਅਬ ਦਾਸਭਗਵਾਨਨਾਂਠੀਕਇਹ ਬਾਦੀ ॥
॥੧੯੭॥ ਸ੍ਵੈਯਾ ॥
ਬੇਦ ਬਲਾਸ ਇਹ ਖਾਸ ਕਹੇ ਇਕ ਰਾਸ ਅਨਾਸ ਲਖੇ ਘਰਕੀ ॥
ਬਿਆਸ ਬਸਿਸ਼ਟ ਸ੍ਰਿਸ਼ਟ ਏਹੋ ਸਹੀ ਪਾਇ ਗਏ ਆਂਪਣੇਂ ਕਰਕੀ ॥
ਨਾਂ ਬਤ੍ਰੰਕ ਬ੍ਰਹਮ ਕੇ ਹੋਰ ਇਹ ਸਾਚ ਉਪਾਸਨਾ ਹੈ ਹਰਿ ਕੀ ॥
ਲਖੇ ਏਕ ਨਾ ਹੋਇ ਅਨੇਕ ਬਹੇ ਦੇਖੇ ਦਾਸ ਭਗਵਾਨ ਕਰੇ ਨਰ ਕੀ ॥
॥੧੯੮॥ ਸ੍ਵੈਯਾ ॥
ਹੈਂ ਪੂਣਾਮੀ ਪਦਾਰਥ ਇਹ ਸਭ ਜਾਣ ਕੇ ਸਤਨਾਮੋਹ ਬਡ਼ਾਈਏ ॥
ਉਪਜਤ ਬਿਨਸਤ ਬਾਰ ਨਾ ਲਾਗਤ ਲੰਪਟ ਹੋ ਨਹੀਂਜਨਮਗਵਾਈਏ ॥
ਜਾ ਸਤ ਸੰਗ ਮੇਂ ਸਾਂਚ ਪਛਾਣਕੇ ਨਿਸਦਿਨ ਰੰਗ ਉਮੰਗ ਚੜ੍ਹਾਈਏ ॥
ਦਾਸ ਭਗਵਾਨ ਹੋ ਸਾਫਸੁਜਾਨਇਹਪਾਇਗਿਆਨਬਿਗਆਨਪੈਆਈਏ ॥

॥੧੮੯॥ ਸ੍ਵੈਯਾ ॥

ਦੇਖਤ ਦੇਖਤ ਦੇਖੁ ਗਿਆ ਜਗੁ ਨਾਂਥਿਰ ਕੋਇ ਜੁਦੇ ਤਦਖਾਈ ॥
ਨੈਨਾ ਬੀਚ ਇਹ ਹੋ ਸਭ ਖੇਲੁ ਰਿਹਾ ਨਹੀਂ ਬਾਤ ਛਿਪੀਪ੍ਰਤਖਹੈਭਾਈ ॥
ਏਹ ਬਿਵਹਾਰ ਨਿਹਾਰ ਨਿਹਾਰ ਕਿਉਂ ਮੋਹਿ ਪ੍ਰੀਤ ਹੈ ਅਤ ਬਢਾਈ ॥
ਲਪਟ ਹੋ ਨਹੀਂ ਕੂੜ ਬਿਖੇ ਅਬ ਦਾਸ ਭਗਵਾਂਨ ਤੂੰ ਰਖੁ ਸਫਾਈ ॥

॥੧੯੦॥ ਸ੍ਵੈਯਾ ॥

ਸਾਜਨ ਸੰਗ ਸਖਾਇ ਜਿਤੇ ਮਿਲ ਆਪਸ ਮੇਂ ਅਬ ਹੈਂ ਹਰ ਖਾਤੇ ॥
ਬਿਪਤ ਪੜੀ ਨਾਹਿ ਨੇੜ ਕੋ ਆਵਤ ਪੀਠ ਭਵਾਇ ਸਭੀ ਉਠਜਾਤੇ ॥
ਹੁਬ ਹਜਾਰ ਓਹ ਯਾਰ ਕਹਾਂ ਅਬ ਆਗੇ ਸੇ ਆਇ ਜੁ ਹਾਥ ਮਿਲਾਤੇ ॥
ਇਹ ਬਿਵਹਾਰ ਬਣਾਓ ਬਣਾ ਜਗ ਦਾਸ ਭਗਵਾਨਕਿਓਂ ਮੋਹਬਢਾਤੇ ॥

॥੧੯੧॥ ਸ੍ਵੈਯਾ ॥

ਨਾਂ ਰਹੀ ਸ਼ਕਤ ਬ੍ਰਕਤ ਭਏ ਜਬ ਬ੍ਰਿਤੀ ਹੋ ਥਕਤ ਆਂ ਫਕਤ ਭਈ ॥
ਤੂਲ ਐ ਅਰਜ ਕੀ ਦਰਜ ਨਹੀਂ ਕੋਈ ਨਾਂ ਅਬਫਰਜਜਾਂਗਰਜਗਈ ॥
ਐਨ ਅਪਾਰ ਇਹ ਹੈ ਗੁਲਜਾਰ ਲੈ ਬਾਤ ਨ ਯਾਰ ਬਹਾਰ ਨਈ ॥
ਆ ਸੰਤੋਖ ਸੇ ਮੋਖ ਭਇਆ ਅਬ ਦਾਸ ਭਗਵਾਨ ਅਨੰਦ ਮਈ ॥

॥੧੯੨॥ ਸ੍ਵੈਯਾ ॥

ਜ਼ਹ ਸਿੰਘ ਕੁਰੰਗ ਹੈ ਅੰਗ ਇਕਾ ਇਕਾ ਬਕਰੀ ਐ ਬਘਿਆਰ ਅਹੇ ॥
ਜਹ ਹਸਤੀ ਐ ਕੀਟ ਹੈ ਡੀਠ ਇਕਾ ਇਕਾ ਹੋ ਜਹ ਹੈਂਨਰਨਾਰਰਹੇ ॥
ਜਹ ਜੀਵ ਬ੍ਰਹਮ ਹੈ ਮਰਮ ਇਕਾ ਇਕਾ ਬਰਨਅਸਾਰਮਕੀ ਧਾਹਬਹੇ ॥
ਸੋ ਅੱਸਥਾਂਨ ਕੀ ਆਸ ਹੀ ਸੰਤਨ ਦਾਸ ਭਗਵਾਨ ਨਦਾਨ ਕਹੇ ॥

॥੧੯੩॥ ਸ੍ਵੈਯਾ ॥

ਜਾਗ ਸਵੇਰ ਨਹੀਂ ਕਰ ਦੇਰ ਇਹ ਵੇਰ ਨਾ ਫੇਰ ਮਿਲੇ ਕਭੀ ਆਈ ॥
ਸ਼ੌਕ ਸ਼ਨਾਖਤ ਰਖ ਰਫਾਕਤ ਲੇਹੁ ਲਿਆਕਤ ਆਰਫ ਭਾਈ ॥

ਗਹੇਂ ਗੁਫਤਾਰ ਰਹੇਂ ਦਿਲਦਾਰ ਗੁਫਾਰ ਦੀਦਾਰ ਹੋਵੇ ਤੁਲਤਾਈ ॥
ਇਉ ਦਿਲਬਾਗਦਮਾਗਹੋਇ ਰੋਸ਼ਨ ਦਾਸ ਭਗਵਾਨ ਕਹੇ ਸੁਭਰਾਈ ॥
॥੧੯੪॥ ਕਬਿਤ ॥
ਅੰਕਰ ਜਿਉਂ ਏਕਬਟ ਸੂਖਮ ਸੇ ਸੂਖਮ ਸੀ
ਤਿਸਕੇ ਹੋ ਤੀਨ ਡਾਲ ਭਇਆ ਬਿਸਥਾਰ ਹੈ ॥
ਏਕ ਸੇ ਦੋ ਤੀਨ ਚਾਰ ਭਏ ਹੈਂ ਹਜ਼ਾਰ ਯਾਰ
ਲਾਖ ਤੇ ਕਰੋੜ ਅਰਬ ਖਰਬ ਬੇ ਸ਼ੁਮਾਰ ਹੈ ॥
ਐਸੇ ਏਕ ਆਤਮਾਂ ਸੇ ਮਨ ਚਿਤ ਬੁਧ ਹੋਇ
ਰਜੋ ਤਮੋ ਸਤੋ ਤੀਨ ਗੁਣਾ ਸੰਸਾਰ ਹੈ ॥
ਪਾਇ ਐਸਾ ਮੂਲ ਨਹੀਂ ਅਰਸ਼ ਐ ਤੂਲ ਜਾਂਮੇਂ
ਦਾਸ ਭਗਵਾਂਨ ਸਹੀ ਆਤਮ ਬਚਾਰ ਹੈ ॥
॥੧੯੫॥ ਕਬਿਤ ॥
ਜੇਰ ਸਾਯਾ ਕਾਲ ਕਿਉਂ ਹੋਵੇ ਇਹ ਅਕਾਲ
ਬਾਤ ਬੜੀ ਹੀ ਮੁਹਾਲ ਡਾਲ ਅੰਕਰ ਸਮਾਵਣੇ ॥
ਮਿਲੇ ਕਾਮਲ ਜੇ ਪੀਰ ਹੋਹ ਦਾਮਨ ਬਗੀਰ
ਐਸੀ ਕਰ ਤਦਬੀਰ ਤਕਦੀਰ ਤੀਰ ਚਾਵਣੇ ॥
ਬਾਤ ਅਸਲੀ ਬਿਚਾਰ ਹੋਇਆ ਕਹਾਂ ਸੇ ਪਸਾਰ
ਐਸੇ ਕਰਕੇ ਸਮਾਰ ਨਿਰਾਕਾਰ ਨਿਜ ਪਾਵਣੇ ॥
ਆਪ ਆਪ ਕੋ ਨਿਹਾਰ ਪਾਇਆ ਏਕ ਓਂਕਾਰ
ਜਬ ਦਾਸ ਭਗਵਾਂਨ ਪੜੇ ਪ੍ਰੇਮ ਕੇ ਬਛਾਵਾਣੇ ॥
॥੧੯੬॥ ਕਬਿਤ ॥
ਮਲਕੀ ਔਵਸਲੀ ਹਕੀਕੀ ਜੋ ਵਜੂਦ ਤਿਨ
ਹਸਤੀ ਭੀ ਏਹੀ ਬਿਚਾਇ ਸਮ ਜੂਨਾਨੀ ਹੈ ॥

ਸੂਖਮ ਤੇਬੂਲ ਔਰ ਕਾਰਨ ਸਰੀਰ ਇਹ
ਹਿੰਦਗੀ ਜ਼ਬਾਨ ਨਾਮ ਤਿਨੇ ਹੀ ਵਖਾਂਨੀ ਹੈ ॥
ਆਪਣਾ ਜੋ ਆਪੁ ਤੁਰੀਆ ਸਭ ਕਾ ਅਧਿਸਟਾਨ
ਲਖੇ ਜੋਊ ਤਿਸੇ ਸੋਈ ਆਰਫ ਗਿਆਨੀ ਹੈ ॥
ਦਰਜੈ ਲਾਹੂਤ ਪਰ ਜਾਇ ਭਗਵਾਨ ਦਾਸ
ਹੋਇ ਖੁਦਨੂਰ ਜੁ ਖਾਵਿੰਦ ਇਹ ਲਾਸਾਨੀ ਹੈ ॥

॥੧੯੭॥ ਕਬਿਤ ॥

ਤੀਨ ਤਬਾ ਕੇ ਮਕਾਨ ਤੀਨ ਹਸਤੀ ਪਛਾਨ
ਗੁਣ ਤੀਨਨਕੀ ਕਾਂਨ ਮੇਂ ਦੁਕਾਨ ਕੋ ਚਲਾਇਆਹੈ ॥
ਤੀਨ ਤਬਾ ਦਰਮਿਆਨ ਹੂਆ ਸਗਲ ਜਹਾਂਨ
ਐਸੇ ਕਰਕੇ ਸਮਾਂਨ ਰਚੀ ਤ੍ਰਿਗੁਣੀ ਮਾਇਆ ਹੈ ॥
ਪੰਚੀ ਕਰਨ ਪਸਾਰ ਕੀਆ ਕੁਲ ਸੰਸਾਰ
ਨਿਰਾਕਾਰ ਸੇ ਅਕਾਰ ਬਣ ਆਪ ਕੋ ਭੁਲਾਇਆ ਹੈ ॥
ਪਾਇ ਪਾਇ ਸਾਂਨ ਹੋਇਆ ਸਾਨ ਸੇ ਬੇਸਾਨ ਸਾਨ
ਦਾਸ ਭਗਵਾਨ ਬਾਲਾਸਾਨ ਸਾਨੀ ਕੋਭਲਾਇਆਹੈ ॥

॥੧੯੮॥ ਕਬਿਤ ॥

ਸੁੰਨ ਸੇ ਸੁਭਾਵਕ ਸੁਭਾਵ ਹੀ ਕੀ ਤਾਕਤ ਸੇ
ਸੁਰਤ ਸਲੋਨੀ ਆਇ ਫੜਿਆ ਕਰਾਰ ਹੈ ॥
ਸੁਰਤ ਔ ਰੂਹ ਨਾਮ ਏਕ ਹੀ ਕਹਾਵਤ ਹੈਂ
ਤੀਨ ਅਸਥਾਨਨ ਮੈਂ ਫੜਿਆ ਫਲਾਰ ਹੈ ॥
ਐਸੀ ਰਚਕੇ ਖਲਾਰ ਲਾਇ ਬੈਠੀਆ ਬਾਜ਼ਾਰ
ਤਾਂਹੀ ਹੋਈ ਹੈ ਖੁਆਰ ਛਡ ਬੈਠੀ ਜਬ ਸਾਰ ਹੈ ॥

ਤਾਂਹੀ ਲਏ ਏਹ ਅਨੰਦੁ ਫੜੇ ਸੁੰਨ ਦਾ ਜੇ ਰੰਦੁ
ਹੁਣ ਦਾਸ ਭਗਵਾਂਨ ਸੁੰਨ ਅਪਰ ਅਪਾਰ ਹੈ ॥
॥੧੯੯॥ ਕਬਿਤ ॥
ਜਿਗਰ ਮੇਂ ਆਇ ਨਾਮ ਰੂਹ ਕਾ ਤਬ ਈ ਹੋਇ
ਦਿਲ ਅਸਥਾਨ ਨਾਮ ਇਸਦਾ ਹੈਬਾਨੀ ਹੈ ॥
ਨੀਚਲੇ ਮਕਾਨ ਛੋਡ ਚਲੁ ਅਬ ਊਪਰ ਕੋ
ਅੰਤਰ ਦਾਮਾਂਗ ਬਣ ਬੈਠੀ ਨਫਸਾਨੀ ਹੈ ॥
ਬੈਠ ਕੇ ਅਲੱਗ ਦੇਖੁ ਅੰਤਰਿ ਧਿਆਨ ਹੋ
ਬਣਾਵਟ ਇਹ ਕਾਰ ਬਿਸਥਾਰ ਸਭ ਫਾਨੀ ਹੈ ॥
ਪੰਚੀ ਕਰਨ ਕਹੁ ਕਹਾਂ ਜਹਾਂ ਹੂਆ ਹੈ ਅਪੰਚੀ
ਕਰਨ ਦਾਸ ਭਗਵਾਨ ਐਸੇਸੁੰਨ ਇਹੁ ਲਾਸਾਨੀ ਹੈ ॥
॥੨੦੦॥ ਕਬਿਤ ॥
ਤੀਨ ਦੇਵਤਾਓਂ ਕੀਆਂ ਪੁਰੀਆਂ ਏਹੁ ਤੀਨ ਜਾਣ
ਤੀਨ ਹੀ ਸੁਭਾਵ ਪ੍ਰਕ੍ਰਿਤ ਆਚਾਰ ਹੈ ॥
ਜਹਾਂ ਜਹਾਂ ਲਗਦੀ ਹੈ ਸੁਰਤ ਦ੍ਰਿੜ ਹੋਇ
ਤਹਾਂ ਤਹਾਂ ਰਚਦੀ ਬਿਲੱਖਣ ਇਹ ਕਾਰ ਹੈ ॥
ਜਿਤਨੀਆ ਤਾਕਤਾਂ ਜਹਾਂਨ ਕੀਆਂ ਰੂਹ ਬਿਚ
ਰੂਹ ਕਾ ਖਜ਼ਾਨਾ ਐਸਾ ਅਪਰ ਅਪਾਰ ਹੈ ॥
ਤੀਨੋ ਗੁਣੋਂ ਕੋ ਤਿਆਗ ਚੌਥੇ ਪਦ ਮੇਂ ਜਾ ਲਾਗ
ਇਓਂ ਦਾਸ ਭਗਵਾਂਨ ਤੁਰੀਆ ਪਦ ਨਿਰਾਕਾਰ ਹੈ ॥
॥੨੦੧॥ ਕਬਿਤ ॥
ਆਰਫੋਂ ਕੋ ਮਿਲ ਰੂਹ ਆਪਣੀ ਨੂੰ ਖੋਜ ਦੇਖੁ
ਕਹਾਂ ਸੇ ਏਹ ਆਈ ਕਹਾਂ ਜਾਇਕੇ ਸਮਾਏਗੀ ॥

ਕੌਣ ਸੀ ਏਹ ਚੀਜ਼ ਕਿਸ ਜਮਾਂ ਸੇ ਆਜੁਜ ਹੂਈ
ਕੌਣ ਸੀ ਉਪਾਇ ਨਿਜਿ ਰੂਪ ਮੇਂ ਇਹ ਆਏਗੀ ॥
ਪੀਛੋ ਕੋ ਹਟਾਇ ਰੁਖੁ ਇਸਥਤੀ ਪਾਇ ਕਰ
ਉਰਧ ਮੁਖ ਬ੍ਰਿਤ ਹੋ ਘਰ ਮੇਂ ਆਜਾਏਗੀ ॥
ਆਪ ਕੋ ਨਿਹਾਰ ਭਈ ਸੁਧ ਨਿਰਬਿਕਾਰ ਰੂਪ
ਦਾਸ ਭਗਵਾਨ ਚਿਦਾ ਕਾਸ ਐਸੇ ਪਾਏਗੀ ॥

॥੨੦੨॥ ਕਬਿਤ ॥

ਕਰੇ ਕਰਮ ਅਨੇਕ ਨਹੀਂ ਲਖਿਆ ਅਨੇਕ
ਏਕਪਾਇਆਨਾਂਬਬੇਕਨਹੀਂਆਂਫਥੋਂਪਹਆਇਆ ਹੈ ॥
ਮੁਦਾ ਕੇਸੇ ਪਾਏ ਪੈੜ ਬਾਹਰ ਲਜਾਏ ਆਪ
ਆਪ ਕੋ ਖਪਾਏ ਨਹੀਂ ਭੇਦ ਕਹੀਂ ਪਾਇਆ ਹੈ ॥
ਖੋਜੀ ਮਿਲੇ ਗੁਰੂ ਪੈੜ ਉਲਟੀ ਉਚਾਈ ਧੁਰ
ਸ਼ਾਂਤ ਆਈ ਉਰ ਖੋਜ ਅਸਲੀ ਜਾਂ ਪਾਇਆ ਹੈ ॥
ਮੁਦਾ ਲਿਆ ਪਾਇ ਕੁਲ ਕਰਮੁ ਭੁਲਾਇ
ਹੁਣ ਦਾਸ ਭਗਵਾਨ ਚਿਦਾ ਕਾਸਮੇ ਸਮਾਇਆ ਹੈ ॥

॥੨੦੩॥ ਕਬਿਤ ॥

ਪੀਆ ਕੋ ਪਛਾਨ ਪੀਆ ਪ੍ਰੇਮ ਹੈ ਪ੍ਰਾਣ ਪੀਆ
ਹਮਰਾ ਹੈ ਤਾਣ ਪੀਆ ਪਾਇਆ ਜਾਂਨ ਜਾਨ ਮੇਂ ॥
ਪੀਆ ਹਮਰਾ ਅਲਾਹ ਨਹੀਂ ਕਰੀਏ ਬਸਾਹ
ਪੀਆ ਹੈ ਪਨਾਹ ਰਾਹੁ ਪਾਇਆ ਗੁਰ ਗਿਆਂਨ ਮੈਂ ॥
ਪੀਆ ਕੇ ਬਜੋਗ ਸਭ ਹੋਂਵਦੇ ਹੈਂ ਰੋਗ ਸੋਗ
ਪੀਆ ਕਾ ਸੰਜੋਗ ਭਇਆ ਹਮੇ ਏਕ ਧਿਆਨ ਮੇਂ ॥

ਪੀਆ ਕੇ ਦੀਦਾਰ ਹੋਇ ਰਹੀ ਹੈ ਬਹਾਰ ਹੁਣ
ਦਾਸ ਭਗਵਾਂਨ ਪੀਆ ਪਾਇਆ ਬਿਗਿਆਨ ਮੈਂ ॥
॥੨੦੪॥ ਕਬਿਤ ॥
ਉਪਮਾਂ ਅਧਾਰ ਕੈਸੇ ਕਰਾਂ ਮੈਂ ਉਚਾਰ
ਮਹਿਮਾਂ ਗੁਰ ਕੀ ਆਪਾਰ ਪਮਾਤਮਾਂ ਸੇ ਪਰੇ ਹੈ ॥
ਭੋਜਲ ਸੰਸਾਰ ਪਰਮਾਤਮਾਂ ਪਸਾਰ
ਇਹ ਗੁਰੁ ਉਪਦੇਸ਼ ਪਾਰ ਪਲਕ ਮੈਂ ਕਰੇ ਹੈ ॥
ਪ੍ਰਮਾਤਮਾਂ ਛਪਾਇਆ ਆਪ ਆਪ ਕੋ ਬਤਾਇਆ
ਨਹੀਂ ਗੁਰ ਪ੍ਰਤਾਪ ਅਹੰ ਬ੍ਰਹਮ ਹੀ ਉਚਰੇ ਹੈ ॥
ਪੰਗੀਬਰ ਔਤਾਰ ਸਭ ਮਾਇਆ ਕਾ ਬਿਹਾਰ ਇਹ
ਦਾਸ ਭਗਵਾਂਨ ਗੁਰ ਸਾਚ ਹੀ ਕੋ ਰਰੇ ਹੈ ॥
॥੨੦੫॥ ਕਬਿਤ ॥
ਗੁਰ ਕੋ ਅਦੇਸ ਕਰ ਸਗਲ ਕਲੇਸ਼ ਹਰ
ਹੀਏ ਮੈਂ ਹਮੇਸਧਰ ਨਿਜ ਰੂਪ ਪਾਇਆ ਹੈ ॥
ਗੁਰ ਮਿਹਰਬਾਂਨ ਕੀਆ ਮੁਝ ਪੈ ਇਹਸਾਨ
ਦਾਸਦੀਆਹੈਬਿਗਿਆਂਨਗਿਆਂਨਅਗਿਆਂਨਕੋਗਵਾਇਆਹੈ ॥
ਮਹਮਾ ਗੁਰ ਕੀ ਅਪਾਰ ਬਲਹਾਰ ਇਹ ਬਹਾਰ
ਐਸੋ ਕੀਆ ਉਪਕਾਰ ਨਿਰਾਕਾਰ ਕੋ ਲਖਾਇਆ ਹੈ ॥
ਗੁਰ ਕਾਮਲ ਕੋ ਰਿਦੇ ਧਾਰ ਬੰਦਨ ਹੈ ਬਾਰ ਬਾਰ
ਦਾਸ ਭਗਵਾਂਨ ਗੁਰ ਸਾਦਕੀ ਸਮਾਇਆ ਹੈ ॥
॥੨੦੬॥ ਕਬਿਤ ॥
ਆਇਆ ਗੁਰ ਕੀ ਹੋਂ ਕੋ ਹੋਂ ਸਾਂਮਹੈਡੰਡੋਤ ਪਰਨਾਮ
ਐਸੇ ਨਾਮ ਨਾਮੀ ਨਿਜ ਰੂਪਗੁਰ ਹੂੰ ਸੇਪਾਇਆ ਹੈ ॥

ਦਾਨੁ ਦੀਆ ਹੈ ਅਤੋਲ ਜਿਹਦਾ ਮੋਲ ਹੈ ਅਮੋਲ ਮੋਲ
ਬੋਲ ਸੇ ਅਬੋਲ ਬੋਲ ਗੁਰ ਨੇ ਲਖਾਇਆ ਹੈ ॥
ਗੁਰ ਪ੍ਰਤਾਪ ਗਏ ਸਭ ਬਿਰਲਾਪ
ਪਾਪ ਪਾਇਕੇਅਜਾਪ ਜਾਪ ਜਾਪ ਕੇ ਜਗਾਇਆ ਹੈ ॥
ਗੁਰ ਕਾਮਲ ਕੋ ਰਿਦੇ ਧਾਰ ਬੰਦਨਾ ਹੈ ਬਾਰ ਬਾਰ
ਦਾਸ ਭਗਵਾਨ ਗੁਰ ਸਾਦ ਕੀ ਸਮਾਇਆ ਹੈ ॥

॥੨੦੭॥ ਕਬਿਤ ॥

ਪੀਰ ਕੋ ਅਦਾਬ ਉਠ ਕਰੀਏ ਸ਼ਤਾਬ
ਜਿਨ ਇਸ਼ਕ ਦੇ ਬਾਬ ਦਾ ਹਿਸਾਬਸਿਖਲਾਇਆਹੈ ॥
ਪੀਰ ਨੇ ਪਲਾਇ ਪਿਆਲਾ ਕੀਆ ਮਤਵਾਲਾ
ਹਮੇਂਹੂਆ ਹੈ ਉਜਾਲਾ ਆਲਾ ਐਸਾਬਤਲਾਇਆਹੈ ॥
ਪਈ ਲਸ਼ਕ ਅਜੈਬ ਗੈਬ ਗੈਬਲ ਹੋ ਰਹੇ ਗੈਬ
ਦਰਜਾ ਆਵੈਬ ਐਸਾ ਪੀਰ ਦਿਖਲਾਇਆ ਹੈ ॥
ਪੀਰ ਕਾਮਲ ਕੋ ਰਿਦੇ ਧਾਰ ਬੰਦਨਾ ਹੈ ਬਾਰਿ ਬਾਰਿ
ਦਾਸ ਭਗਵਾਨ ਪੀਰ ਸਾਦ ਕੀ ਸਮਾਇਆ ਹੈ॥

॥੨੦੮॥ ਕਬਿਤ ॥

ਪੀਰ ਕੋ ਸਲਾਮ ਕਰੀ ਸਚ ਦੀ ਕਲਾਂਮ
ਜਿਨ ਤਕੀਆ ਤਮਾਮ ਆਮ ਨਾਮ ਫਰਮਾਇਆ ਹੈ ॥
ਪੀਰ ਜਿਹਾ ਇਨਸਾਨ ਨਹੀਂ ਬਿਚ ਹੈ ਜਹਾਂਨ
ਕਰਿ ਰਿਹਾ ਮੈਂ ਧਿਆਨ ਨਹੀਂਨਜਰਕੋਆਇਆ ਹੈ॥
ਐਸੇ ਪੀਰ ਦੀ ਸੀ ਸ਼ਾਨ ਕਰਾਂ ਜਾਂਨ ਕੁਰਬਾਂਨ ਕੈਸੇ
ਕਹੇ ਇਹ ਜਬਾਂਨ ਨਾਂ ਨਦਾਨ ਏਹਾ ਪਾਇਆ ਹੈ॥

ਪੀਰ ਕਾਮਲ ਕੋ ਰਿਦੇ ਧਾਰ ਬੰਦਨਾ ਹੈ ਬਾਰ ਬਾਰ
ਦਾਸ ਭਗਵਾਂਨ ਪੀਰ ਸਾਦਕੀ ਸਮਾਇਆ ਹੈ ॥
॥੨੦੯॥ ਕਬਿਤ ॥
ਸਿਜਦਾ ਗੁਜ਼ਾਰ ਦਿਲਦਾਰ ਦਸਤਗੀਰ ਜੀ ਕੋ
ਰੋਸ਼ਨ ਜ਼ਮੀਰ ਜੁ ਤਾਮੀਰ ਲੀਏ ਆਇਆ ਹੈ ॥
ਸੀਨੇ ਕੀ ਸਫਾਈ ਕਰ ਗੈਹਰੀ ਹੈ ਖੁਦਾਈ
ਪ੍ਰੇਮ ਪੌਦਾ ਵਹਾਂ ਏਕ ਧਿਆਨ ਸੌਂ ਲਗਾਇਆ ਹੈ ॥
ਅਨਭਵ ਰੂਪੀ ਫੂਲ ਉਤਰਿਆ ਸਮਾਂ ਪਾਇ
ਗਿਆਨ ਰੂਪੀ ਫਲ ਐਸੇ ਤਹਾਂ ਪ੍ਰਗਟਾਇਆ ਹੈ ॥
ਗੁਰ ਪ੍ਰਸਾਦ ਰਸ ਰਸੀਆ ਹੋ ਪੀਆ ਜਬ
ਦਾਸ ਭਗਵਾਨ ਬਿਗਿਆਂਨ ਪਦੁ ਪਾਇਆ ਹੈ ॥
॥੨੧੦॥ ਕਬਿਤ ॥
ਚਮਨ ਲਗਾਇ ਚੰਬਾ ਅਭਾ ਪਾ ਅਰਾਸਤੀ ਦਾ
ਬੋਧਕੇ ਬਲਾਸ ਸੇ ਸਨਾਸ਼ ਸ਼ਾਖ ਲਾਇਆ ਹੈ ॥
ਸ਼ੋਕ ਕਾਸ ਕੂਫਾ ਆਇ ਫੈਲਿਾ ਬਹਾਰ ਬਿਚ
ਫੈਹਰ ਫਲਾਰ ਫੂਲੁ ਅਜਬ ਸੁਹਾਇਆ ਹੈ ॥
ਸੁਰਤ ਔ ਨਿਰਤ ਇਹ ਮਾਲਣ ਇਕੱਤ੍ਰ ਹੋ
ਚੁਣ ਚੁਣ ਫੂਲ ਫੂਲ ਫੂਲ ਕੋ ਫਲਾਇਆ ਹੈ ॥
ਪਾਇਆ ਜਦੋਂ ਰਸੁ ਆਇ ਰਸੀਆ ਹੋ ਰਸ ਰਸ
ਦਾਸ ਭਗਵਾਂਨ ਬਿਚ ਸੇਹਿਤ ਸਮਾਇਆ ਹੈ ॥
॥੨੧੧॥ ਕਬਿਤ ॥
ਏਕ ਹੀ ਬ੍ਰਹਮ ਕਾ ਪਸਾਰ ਪ੍ਰਕ੍ਰਿਤ ਭੇਦ
ਬ੍ਰਹਮ ਬਤਰੇਕ ਨਹੀਂ ਭਇਆ ਕਛੂਕਾਰ ਹੈ ॥

ਬ੍ਰਹਮ ਕਾ ਬਲਾਸੁ ਸਾਰੇ ਬ੍ਰਮ ਅਬਨਾਸੁ ਸਾਰੇ
ਬ੍ਰਹਮ ਕੇ ਹੁਲਾਸ ਪ੍ਰਕਾਸ਼ ਸੰਸਾਰ ਹੈ ॥
ਪ੍ਰਕ੍ਰਿਤ ਭਾਵਨਾ ਸੇ ਪ੍ਰਕਿਤ ਰੂਪੁ ਹੋਇਕਰ
ਜੀਵ ਭਾਵ ਮੰਨ ਪਾਏ ਕਸ਼ਟ ਹਜ਼ਾਰ ਹੈ ॥
ਬ੍ਰਹਮ ਭਾਵਨਾ ਸੇ ਬ੍ਰਹਮ ਰੂਪੁ ਹੋਇ ਜਾਇ
ਦਾਸ ਭਗਵਾਨ ਬ੍ਰਹਮ ਅਪਰ ਅਪਾਰ ਹੈ ॥
॥੨੧੨॥ ਕਬਿਤ ॥

ਬ੍ਰਿਤੀ ਸੰਕੋਚ ਪ੍ਰਕ੍ਰਿਤ ਬਸਾਰ ਕਰ
ਇਸਥਿਤੀ ਪਾਇ ਦੇਖੁ ਆਪਣੇ ਹੀ ਆਪ ਕੋ ॥
ਸੂਖਮੁ ਸਰੂਪੁ ਰੂਪੁ ਆਪਣਾ ਨਿਹਾਰ ਕਰ
ਸੰਸਨ ਬਸਾਰ ਡਾਰ ਜਾਰ ਤੀਨ ਤਾਪ ਕੋ ॥
ਬ੍ਰਹਮ ਅਭਆਸ ਐਸੇ ਕਰੀਏ ਨਿਵਾਸ
ਨਹੀਂ ਰਹੇ ਕਰਤਬ ਖੋਇ ਜਾਪੁ ਔ ਅਜਾਪ ਕੋ ॥
ਦਾਸ ਭਗਵਾਂਨ ਨਹੀਂ ਗਿਆਂਨ ਅਗਿਆਨ
ਰਹੇ ਪਾਇ ਬਿਗਿਆਨ ਹਰੋ ਮਾਪ ਔ ਅਮਾਪ ਕੋ ॥
॥੨੧੩॥ ਕਬਿਤ ॥

ਏਕ ਹੀ ਬ੍ਰਹਮ ਕੀਆਂ ਦੋ ਮਕਾਂ ਅਨੇਕ ਹੋਇ
ਮਾਰ ਮਾਰ ਠਾਠ ਕੈਸੇ ਕਰਤ ਕਲੋਲ ਹੈਂ ॥
ਕਹੀਂ ਹੋ ਪਰਿੰਦ ਜਾਇ ਉਡਦੇ ਅਕਾਸ਼ ਮੈਂ ਹੈਂ
ਕਹੀਂ ਹੋ ਚਰਿੰਦ ਚੁਗ ਜਿਮੀਂ ਕਰੇ ਬੋਲ ਹੈਂ ॥
ਕਹੀਂ ਹੋ ਚੁਪਾਏ ਖਾਇ ਰਹੇ ਹੈਂ ਚੁਪਾਇਆਂ ਕੋ
ਕਹੀਂ ਨਰ ਨਾਂਰ ਹੋਇ ਕਰ ਰਹੇ ਚੋਹਲ ਹੈਂ ॥

ਐਸੋ ਅਦ੍ਵੈਤ ਬ੍ਰਹਮ ਏਕ ਸਰਬ ਆਤਮਾਂ ਹੈ
ਦਾਸ ਭਗਵਾਨ ਗੁਣ ਬ੍ਰਹਮ ਕੇ ਅਤੋਲ ਹੈਂ ॥
॥੨੧੪॥ ਕਬਿਤ ॥

ਏਕ ਹੀ ਬ੍ਰਹਮ ਕੀਆਂ ਤਾਕਤਾਂ ਅਨੇਕ ਭਾਂਤ
ਲਹਰ ਉਠਾਇ ਕਰ ਰਹੀ ਜ਼ੋਰ ਸ਼ੋਰ ਹੈ ॥
ਕਹੀਂ ਮੁਰਗ ਗੁਜਾਰੇ ਬਾਂਗ ਝਪਟੇ ਬਲਰੀਆ ਆਕਹੀਂ
ਸੁਵਾਨਨ ਚਲਾਏ ਚਲੇ ਜਾਤੇ ਕੈਸੇ ਮੋਰ ਹੈ ॥
ਘੁਗੀ ਸਾਰਸ ਕਪੋਤ ਕਹੀਂ ਚਿੜੀਆਂ ਹੈਂ ਚੁਹਕ ਰਹੀਂ
ਸਿਕਰਾ ਔ ਬਜ ਕਹੀਂ ਕਰ ਰਹੇ ਜੋਰ ਹੈ ॥
ਦਾਸ ਭਗਵਾਂਨ ਕੈਸੇ ਕਰੀਏ ਬਖਾਂਨ ਐਸੇ
ਬ੍ਰਹਮ ਪ੍ਰਕਾਸ਼ ਸੇ ਪ੍ਰਕਾਸ਼ ਸਭ ਓਰ ਹੈ ॥
॥੨੧੫॥ ਕਬਿਤ ॥

ਇਕ ਹੈ ਬ੍ਰਹਮ ਹੋਰ ਦੂਸਰੋ ਭਰਮ
ਇਹੁ ਜਾਣ ਕੇ ਮਰਮ ਜੁ ਪ੍ਰਮ ਪਦੁ ਲਹੀਏ ॥
ਰੋਜ ਹਰਿ ਰੋਜ ਰੂਹ ਆਪਣੇ ਨੂੰ ਖੋਜ
ਐਸੇ ਪਾਇ ਕਰ ਚੋਜ ਨਾ ਬਸੋਝ ਬਣ ਬਹੀਏ ॥
ਨਹੀਂ ਕਰੀਏ ਗੁਮਾਨ ਐਸੇ ਹੋਇਕੇ ਸੁਜਾਨ
ਫਿਰਿ ਪਾਇਕੇ ਗਿਆਨ ਬਿਗਿਆਂਨ ਹੀ ਮੇ ਰਹੀਏ ॥
ਦਾਸ ਭਗਵਾਂਨ ਕਰ ਅਮੀਂ ਰਸ ਪਾਂਨ
ਏਹੀ ਸਚ ਕਾ ਧਿਆਨ ਜੋ ਬ੍ਰਹਮ ਬਾਕ ਗਹੀਏ ॥
॥੨੧੬॥ ਕਬਿਤ ॥

ਏਕ ਹੀ ਬ੍ਰਹਮ ਪ੍ਰਵਿਰਤੇ ਅਨੇਕ ਭਾਂਤ
ਦੇਖਕੇ ਖਲਾਰ ਹਮ ਹੂਏ ਬਿਸਮਾਦ ਹੈ ॥

ਕਹੀਂ ਵਿਦ੍ਵਾਨ ਹੋਇ ਕਹੇ ਉਪਦੇਸ਼ ਹੀ
ਅਵਿਦਿਆ ਕੋ ਪਾਇ ਕਹੀਂ ਕਰਤ ਫਸਾਦ ਹੈ ॥
ਬੰਧੂਏ ਬਿਖਾਦੀ ਕਹੀਂ ਬੰਦੀ ਖਾਂਨੇ ਬੰਦ ਹੋਹ
ਆਦਲ ਬਹਾਰ ਬਿਚ ਕਰੇ ਕਹੀਂ ਸ਼ਾਦ ਹੈ ॥
ਦਾਸ ਭਗਵਾਂਨ ਕੈਸੇ ਕਰੀਏ ਬਖਾਨ ਐਸੋ
ਬ੍ਰਹਮ ਅਪ੍ਰਮਾਨ ਦਸੋ ਦਿਸ਼ਾ ਹੀ ਅਬਾਦ ਹੈ ॥
॥੨੧੭॥ ਕਬਿਤ ॥

ਤੂੰ ਹੀ ਆਤਮਾਂ ਬ੍ਰਹਮ ਬੇਦ ਤੂੰ ਹੀ ਹੈਂ
ਅਭੇਦ ਭੇਦਅਛਲ ਅਛੇਦ ਛੇਦਹੋਇਆਹੈ ਨਦਾਨਤੂੰ ॥
ਤੂੰ ਹੀ ਰਾਮ ਔ ਰਹੀਮ ਤੂੰ ਹੀ ਗਾਫਲ ਗਨੀਮ ਤੂੰ ਹੀ
ਹਾਕਮ ਹਕੀਮ ਭਇਆ ਸਾਕਨ ਸੁਜਾਨ ਤੂੰ ॥
ਤੂੰ ਹੀ ਮੌਲਵੀ ਮੁਲਾਣਾ ਤੂੰ ਹੀ ਪੰਡਿਤ ਸਿਆਣਾ ਤੂੰ ਹੀ
ਹੋਇਕੇ ਨਿਤਾਣਾ ਭੌਂਦਾ ਫਿਰੇਂ ਬੀਆਬਾਨ ਤੂੰ ॥
ਸਰਬ ਜਹਾਂਨ ਤੂੰ ਹੀ ਸੂਖਮ ਸਮਾਂਨ ਜਾਂਨ
ਦਾਸ ਭਗਵਾਂਨ ਆਹਾ ਸਭਿ ਦਰਮਿਆਂਨ ਤੂੰ ॥
॥੨੧੮॥ ਕਬਿਤ ॥

ਨੂਰ ਕਾ ਫਲਾਰ ਹੈ ਖਲਾਰ ਜੋ ਬਿਹਾਰ ਯਾਰ
ਨੂਰ ਕੀ ਪੁਕਾਰ ਸਾਰੇ ਨੂਰ ਭਰਪੂਰ ਹੈ ॥
ਨੂਰ ਕੀ ਪਨਾਹ ਸਾਰੇ ਨੂਰ ਹੀ ਗਵਾਹ ਸਾਰੇ
ਨੂਰ ਕੀ ਸਲਾਹ ਸਾਰੇ ਨੂਰ ਕਾ ਜ਼ਹੂਰ ਹੈ ॥
ਨੂਰ ਕਾ ਉਜਾਰਾ ਸਾਰੇ ਨੂਰ ਕਾ ਇਸ਼ਾਰਾ ਸਾਰੇ
ਨੂਰ ਕਾ ਨਜਾਰਾ ਸਾਰੇ ਘੁਰ ਦਾ ਮਾਮੂਰ ਹੈ ॥

ਜੁਮਲਾ ਜਹਾਂਨ ਦਰਮਿਆਨ ਜਾਨ ਨੂਰ ਹੈ
ਜੁ ਦਾਸ ਭਗਵਾਂਨ ਵਾਹ ਵਾਹ ਕੈਸੇ ਨੂਰ ਹੈ ॥
॥੨੧੯॥ ਕਬਿਤ ॥
ਜਬ ਲਗ ਮਨੀ ਬਨੀ ਤਬ ਲਗ ਗਨੀ ਧਨੀ
ਮਨੀ ਗਈ ਹਨੀ ਹਨੀ ਗਈ ਹੈ ਤਵੰਗ੍ਰੀ ॥
ਮਨੀ ਕਾ ਪਸਾਰਾ ਹੈ ਨਜਾਰਾ ਦਿਲਦਾਰਾ ਸਾਰਾ
ਮਨੀ ਕੋ ਬਗਾਰਾ ਤੇ ਬਗਾਰਾ ਰਸ ਅੰਗ੍ਰੀ ॥
ਸਰਸਬਜ਼ ਮਦਾਂਨ ਜਹਾਂ ਮਨੀ ਕੀ ਦੁਕਾਂਨ
ਏਹੋ ਰੋਸ਼ਨੀ ਕੀ ਕਾਂਨ ਹੈ ਨਦਾਨ ਦੇਵ ਅੰਗ੍ਰੀ ॥
ਜਮਾਂ ਜਿਨਸ ਜਾਂ ਹਾਰੀ ਗੁਮ ਗਈ ਹੋ ਪਸਾਰੀ ਸਾਰੀ
ਦਾਸ ਭਗਵਾਂਨ ਹੁਣ ਹੋਈ ਹੈ ਕੁਵੰਗ੍ਰੀ ॥
॥੨੨੦॥ ਕਬਿਤ ॥
ਨਾਰ ਕੀ ਕਲਾਂਮ ਕਰ ਜਾਏ ਕਤਲਾਂਮ
ਦੂਰੋਂ ਕਰਕੇ ਸਲਾਮੁ ਜੋ ਛਲਾਂਗ ਮਾਰ ਜਾਈਏ ॥
ਕਹੇ ਜੇ ਬਚਨ ਜਨ ਸੁਣੀਏ ਨਾਂ ਦੇਇ ਕੰਨ
ਹੋਇ ਪ੍ਰਸੰਨ ਮਨ ਪਿਆਰੁ ਨਹੀਂ ਪਾਈਏ ॥
ਲਾਏ ਜੇ ਪ੍ਰੀਤ ਨਹੀਂ ਮੰਨ ਪ੍ਰਤੀਤ
ਮੀਤ ਹੋਇਕੇ ਅਤੀਤ ਚੀਤ ਚਾਂਮ ਸੋ ਨਾ ਲਾਈਏ ॥
ਨਾਰ ਨਜ਼ਦੀਕ ਜੇ ਤਹਕੀਕ ਹੋ ਸ਼ਰੀਕ ਠੀਕ
ਦਾਸ ਭਗਵਾਂਨ ਪੈਹਲੂ ਪੈਹਲੂ ਸੇ ਛਪਾਈਏ ॥
॥੨੨੧॥ ਕਬਿਤ ॥
ਜਿਸਮ ਜਨਾਨਾ ਨਹੀਂ ਆਪਣਾ ਬਗਾਂਨਾ
ਕਿਉਂ ਫਿਰਦਾਂ ਦਿਵਾਂਨਾ ਪਰਵਾਨਾਂ ਜਲਜਾਏਂਗਾ ॥

ਦੇਖਕੇ ਤੇ ਲਾਸ਼ ਨਹੀਂ ਕਰੀਂ ਦਿਲ ਪਾਸ
ਪਾਸ ਮਿਲੇ ਨਾ ਨਕਾਸ ਲਾਸ਼ ਆਪਣੀ ਖਪਾਏਂਗਾ ॥
ਐਸਾ ਇਸ ਦਾ ਨਜ਼ਾਰਾ ਭਾਰਾ ਕਾਤਲ ਕਰਾਰਾ
ਯਾਰਾ ਖਾਇਕੇ ਇਸ਼ਾਰਾ ਮਾਰਾਮਾਰਾਪਿਆਗਾਂਏਂਗਾ ॥
ਦਾਸ ਭਗਵਾਨ ਕੁਝ ਬਣੀ ਇਨਸਾਂਨ
ਹੁਣ ਹੋਈਂ ਨਾਨਦਾਨ ਆਪ ਆਪ ਮੇਂ ਸਮਾਏਂਗਾ ॥
॥੨੨੨॥ ਕਬਿਤ ॥

ਕਾਮਨੀ ਕੀ ਕਾਰ ਲਈ ਏਸ ਗਲ ਬਚਾਰ ਫੇਰ
ਮਾਣੀਏ ਬਹਾਰ ਦਿਲਦਾਰ ਦਿਲ ਪਾਈਏ ॥
ਦੱਮਾਂ ਕੀ ਦੁਕਾਂਨ ਕਿਤੇ ਖੋਹਲੀਏ ਮਕਾਨ
ਨਹੀਂ ਹੋਇਕੇ ਨਦਾਨ ਆਂਨ ਬਾਂਨ ਕੋ ਲਗਾਈਏ ॥
੫ ਇ ਬਿਗਿਆਨ ਨਹੀਂ ਰਹੇ ਜਹ ਗਿਆਂਨ
ਧਿਆਨ ਕਹਾਂ ਅਗਿਆਨ ਜਹਾਂ ਗਿਆਂਨਹੀ ਗਵਾਈਏ ॥
ਦਾਸ ਭਗਵਾਂਨ ਬੋਲ ਭਾਖਤ ਹੈਂ ਤੋਲ ਤੋਲ
ਹੋਇਕੇ ਅਬੋਲ ਬਿਚ ਬੋਲਦੇ ਸਮਾਈਏ ॥
॥੨੨੩॥ ਕਬਿਤ ॥

ਕਾਮਨੀ ਸੋਂ ਕੇਲ ਕਰ ਦਾਮਨੀ ਸੋਂ ਮੇਲ ਕਰ
ਸਾਂਪਨੀ ਸੋਂ ਖੇਲ ਕਰ ਕੁਸਲ ਕਿਉਂ ਪਾਏਂਗਾ ॥
ਨੀਤ ਕੋ ਅਨੀਤ ਕਰ ਮੂਰਖ ਕੋ ਮੀਤ ਕਰ
ਜੂਪਨੀ ਕੀ ਜੀਤ ਕੋਨ ਰੁਤਬੇ ਪੈ ਜਾਏਂਗਾ ॥
ਦਿਲ ਕੋ ਬੇਦਿਲ ਕਰ ਪੰਚਨ ਸੋਂ ਮਿਲਕਰ
ਖ਼ੁਦ ਨੂਰ ਖਿਲ ਕਰ ਕਹਾਂ ਜਾ ਸਮਾਏਂਗਾ ॥

ਸਮਝ ਲੈ ਸਾਰ ਐਸੇ ਭਾਖਤ ਹੋਂ ਬਾਰ ਬਾਰ
ਦਾਸ ਭਗਵਾਂਨ ਕਦੋਂ ਫੇਰ ਘਰ ਆਏਂਗਾ ॥

॥੨੨੪॥ ਕਬਿਤ ॥

ਨਾਰ ਕੀ ਪ੍ਰੀਤ ਮੀਤ ਬੜੀ ਬਿਪ੍ਰੀਤ ਰੀਤ
ਨਾਰ ਕੋ ਨਾ ਹੀਤ ਚੀਤ ਚੰਚਲ ਮੇਂ ਆਣੀਏ ॥
ਨਾਰ ਕੀ ਨਿਗਾਹ ਕਰ ਜਾਂਵਦੀ ਫਨਾਹ
ਨਹੀਂ ਕਰੀਏ ਬਸਾਹੁ ਸਾਹੁ ਸੂਤਣੀ ਇਹੁ ਜਾਣੀਏ ॥
ਦੇਖਕੇ ਤੇ ਚਾਲ ਨਹੀਂ ਹੋਵੀਏ ਬਿਹਾਲ
ਹਾਲ ਸੁਰਤ ਸੰਭਾਲ ਆਪ ਆਪ ਮੇਂ ਸਮਾਣੀਏ ॥
ਹੱਕ ਕੋ ਨਿਹਾਰ ਹੋਏ ਅਜਬ ਬਹਾਰ
ਫਿਰ ਦਾਸ ਭਗਵਾਂਨ ਤਾਂ ਅਨੰਦ ਐਸ਼ ਮਾਣੀਏ ॥

॥੨੨੫॥ ਕਬਿਤ ॥

ਨਾਰ ਤੋਂ ਹੈ ਨਾਰ ਨਹੀਂ ਕਰੋ ਇਤਬਾਰ
ਇਹ ਕਰੇਗੀ ਖੁਆਰ ਗਮ ਖੁਆਰ ਬਣ ਰਹੀਓ ॥
ਸੋਹਲਾ ਦੀਪਕ ਹੈ ਨਾਰ ਏਹੋ ਸਹੀ ਦਿਲਦਾਰ
ਤੁਝੇ ਆਖਿਆ ਪੁਕਾਰ ਨਾ ਪਤੰਗ ਬਣ ਬਹੀਓ ॥
ਚਸ਼ਮ ਚੜ੍ਹਾਇ ਕੁਝ ਮਗਜ਼ ਬੜ੍ਹਾਇ ਆਪ
ਆਪ ਕੋ ਪੜ੍ਹਾਇ ਖੁਦ ਨੂਰੁ ਖੁਦ ਲਹੀਓ ॥
ਖਸਲਤ ਖੂਬੁ ਹੋਇ ਮਹਰਮ ਮਹਬੂਬੁ ਸਹੀ
ਦਾਸ ਭਗਵਾਂਨ ਤਾਂਕੇ ਮਰਮ ਕੋ ਗਹੀਓ ॥

॥੨੨੬॥ ਕਬਿਤ ॥

ਨਰ ਕੋ ਹੈ ਨਾਰੀ ਜੈਸੇ ਧੂਏਂ ਕੀ ਗੁਬਾਰੀ ਭਾਰੀ
ਅਕਲ ਭੁਲਾਇ ਸਾਰੀ ਕਰੇ ਖਫਤਾਨਾ ਹੈ ॥

ਹੋਇ ਰਿਹਾ ਅੰਧ ਬੋਲ ਸੁਣਵਾ ਹੈ ਮੰਦ
ਮੰਦ ਕਰੀ ਅਸਵਾਰ ਕੰਧ ਹੋ ਗਿਆ ਦਿਵਾਨਾ ਹੈ ॥
ਮਸਲਤ ਮੈਲ ਮੈਲ ਕਰ ਰਿਹਾ ਫੈਲ ਫੈਲ
ਹੋਇ ਰਿਹਾ ਬੈਲ ਵਿਚ ਬੈਲ ਬਸਤਾਂਨਾ ਹੈ ॥
ਹੋ ਗਿਆ ਜ਼ਹੀਰ ਗਈ ਤਨ ਤੇ ਤਸੀਰ ਸੀਰ
ਦਾਸ ਭਗਵਾਨ ਪਸ ਪਿਆ ਪਛੁਤਾਨਾ ਹੈ ॥

॥੨੨੭॥ ਕਬਿਤ ॥

ਨਾਰ ਕੀ ਜੋ ਨਾਰ ਨਾਰ ਹੋਈ ਹੈ ਤਿਆਰ
ਤਾਰ ਬੰਨਕੇ ਕਤਾਰ ਜੋ ਸਤਾਰ ਸਾਫੁ ਬਣੀ ਹੈ ॥
ਬੰਦ ਬੰਦ ਕੋ ਸਵਾਰ ਕਰ ਕਰਕੇ ਸ਼ੁਮਾਰ
ਹੋਇ ਰਹੀ ਹੈ ਉਭਾਰ ਜੋ ਕਤਾਰ ਤਾਰ ਤਣੀ ਹੈ ॥
ਅੰਗ ਅੰਗ ਕੋ ਫਲਾਰ ਰੰਗ ਰੰਗ ਕੋ ਨਖਾਰ
ਢੰਗ ਢੰਗ ਕੀ ਪੁਕਾਰ ਕਰੇ ਕਸ਼ਸ਼ ਇਹ ਮਣੀ ਹੈ ॥
ਅੜਦ ਬਜ਼ਾਰ ਹਰੇ ਹੁਸਨ ਹਜ਼ਾਰ ਯਾਰ
ਦਾਸ ਭਗਵਾਂਨ ਐਸੀ ਆਫਤ ਇਹੁ ਅਣੀ ਹੈ ॥

॥੨੨੮॥ ਕਬਿਤ ॥

ਨਾਰ ਕੀ ਜ਼ਬਾਨ ਹੈ ਜੋ ਨਰਮ ਨਸ਼ਾਨ
ਇਹੁ ਕਰਕੇ ਬਿਆਨ ਬਾਰੁ ਜਾਂਨ ਕੋ ਚਲਾਏਗੀ ॥
ਮੱਧਮ ਅਵਾਜ ਨਹੀਂ ਸੁਣੀਏ ਦਰਾਜ਼
ਇਹ ਸਮਝ ਲੈ ਰਾਜ਼ ਜੋ ਨਿਮਾਜ਼ ਸੇ ਹਿਲਾਏਗੀ ॥
ਰੋਜ਼ਾ ਬੰਦਗੀ ਕੁਰਾਂਨ ਔ ਪੁਰਾਂਨ ਵਖਿਆਂਨ
ਇਹ ਕਰਕੇ ਵਖਾਂਨ ਆਂਨ ਧਿਆਂਨ ਕੋ ਭੁਲਾਏਗੀ ॥

ਮੱਲੀਏ ਮਦਾਨ ਨਹੀਂ ਬਣੇ ਇਨਸਾਨ ਨਹੀਂ
ਦਾਸ ਭਗਵਾਂਨ ਐਸੇ ਐਸੇ ਇਹ ਜਲਾਇਗੀ ॥
॥੨੨੯॥ ਕਬਿਤ ॥
ਆਹੀ ਆਫਤ ਹਜ਼ਾਰ ਹੋਇਆ ਨਾਰ ਸੇ ਪਿਆਰ
ਇਹ ਅਜਬ ਅਜਾਰੁ ਹੁਣ ਮਿਟੂ ਕਦੇ ਭਾਗ ਸੇ ॥
ਹੋਇ ਬਿਸਬਾਰ ਦਿਨੋਂ ਦਿਨ ਹੈ ਤਿਆਰ
ਇਹੁ ਬਿਹਾਰੁ ਜੋ ਬਕਾਰ ਹੈ ਅਗਾਰ ਆਇਆ ਆਗ ਸੇ ॥
ਨਿਸਦਿਨ ਜਲੇ ਜੀਆ ਤਪ ਤਪ ਖਪੇ ਹੀਆ
ਪੀਆ ਕੋ ਨਾ ਪੀਆ ਕੀਆ ਮੇਲੁ ਕਾਲੀ ਨਾਗ ਸੇ ॥
ਕਸ਼ਟ ਸਰੀਰ ਪੀਰ ਹੋਇ ਬਿਨਾਂ ਪੀਰ
ਪੀਰ ਦਾਸ ਭਗਵਾਨ ਗਏ ਬਾਗ ਬਾਗ ਬਾਗ ਸੇ ॥
॥੨੩੦॥ ਕਬਿਤ ॥
ਸੁਰਤ ਸਵਾਰ ਜ਼ਰਾ ਸੁਰਤ ਸੰਭਾਰ
ਨਹੀਂ ਮੋੜਦਾ ਮੁਹਾਰ ਦਿਲਦਾਰ ਦੁਖ ਪਾਏਂਗਾ ॥
ਚਲੇ ਤੇਜ਼ ਰਫਿਤਾਰ ਏਹੁ ਕਰੇਗੀ ਖੁਆਰੁ
ਖੁਲੀ ਮੂਰਖ ਗਵਾਰ ਕਹਾਂ ਤਕ ਏਹ ਭਜਾਏਂਗਾ ॥
ਐਸੀ ਹੋਈ ਹੈ ਅਵਾਰ ਚਲੀ ਬੰਨਕੇ ਲਗਾਰ
ਏਹੁ ਕਰੇਗੀ ਬੇਜਾਰ ਜਦੋਂ ਤਦੋਂ ਚਚਲਾਏਂਗਾ ॥
ਦਾਸ ਭਗਵਾਂਨ ਕਿਉਂ ਹੋਇਆ ਹੈਂ ਨਦਾਂਨ
ਇਸ ਭੇਤ ਕੋ ਪਛਾਨ ਕਦੋਂ ਫੇਰ ਆਏਂਗਾ ॥
॥੨੩੧॥ ਕਬਿਤ ॥
ਸੁਰਤ ਸਵਾਰ ਦਿਤੀ ਸੁਰਤ ਵਸਾਰ
ਏਹ ਛਡੀ ਆ ਮੁਹਾਰ ਤਝੇ ਕੌਣ ਸਮਝਾਏਂਗਾ॥

ਕਰੇਂ ਨਾ ਬਚਾਰ ਕੁਲ ਆਖਦੇ ਪੁਕਾਰ
ਐਸੇ ਰਿਹਾ ਜੇ ਅਵਾਰ ਮੰਨ ਮਾਰਕੇ ਮੁਕਾਏਂਗਾ ॥
ਹੋਇ ਝੁਨਕਾਰ ਜਹਾਂ ਸ਼ਬਦ ਸਮਾਰ
ਤਹਾਂ ਸੁਰਤ ਸੁਧਾਰ ਤਾਂ ਅਨੰਦ ਕੁਝ ਆਏਂਗਾ ॥
ਲਿਵ ਜਾਇ ਲਗ ਜਹਾਂ ਜੋਤ ਰਹੀ ਜਗ ਮਗ
ਦਾਸ ਭਗਵਾਨ ਲੈ ਰਹਸ ਕੋ ਅਘਾਏਂਗਾ ॥

॥੨੩੨॥ ਕਬਿਤ ॥

ਸੁਰਤ ਸਵਾਰ ਹੁਣ ਹੋਇ ਹੁਸ਼ਿਆਰ
ਲਹੇਂ ਸੁਰਤ ਕੀ ਸਾਰ ਤਾਂ ਅਪਾਰ ਸੁਖੁ ਪਾਏਂਗਾ ॥
ਫੜੇ ਜੇ ਫਲਾਰ ਮਾਰ ਚਾਬਕ ਜੋ ਸਾਰ
ਸਾਰ ਰਖੇ ਜੇ ਸੁਧਾਰ ਸੁਧਾ ਰਸ ਪੈ ਲੈ ਜਾਏਂਗਾ ॥
ਨਿਰਤ ਨਿਹਾਰ ਕਰੇ ਸੁਰਤ ਖਲਾਰ
ਹੋਇ ਅਜਬ ਬਹਾਰ ਆਪ ਆਪ ਮੇਂ ਸਮਾਏਂਗਾ ॥
ਕਰਕੇ ਦੀਦਾਰ ਹੋਇ ਰਹੇ ਹਮਵਾਰ ਯਾਰ
ਦਾਸ ਭਗਵਾਂਨ ਕੈਸੇ ਕਾਂਮ ਨਾ ਚਲਾਏਂਗਾ ॥

॥੨੩੩॥ ਕਬਿਤ ॥

ਸੁਰਤ ਸਵਾਰ ਲਖੀ ਸੁਰਤ ਕੀ ਕਾਰ ਏਹ
ਕਰੇ ਜੇ ਬਗਾਰ ਤਾਂ ਅਜਾਬੁ ਆਪ ਪਾਏਂਗਾ ॥
ਆਰਫ ਹਜ਼ਾਰ ਕਹਿੰਦੇ ਸੁਖਨ ਸਵਾਰ
ਨਹੀ ਮੰਨੇ ਗੁਫਤਾਰ ਆਪ ਆਪ ਕੋ ਗਵਾਏਂਗਾ ॥
ਫੜੇ ਵਿਸਥਾਰ ਨਹੀਂ ਹੁੰਦੀ ਹੈ ਸਹਾਰ
ਕੁਝ ਕਰੇ ਨਾ ਕਰਾਰੁ ਤਾਂ ਅਨੰਦ ਕੀ ਲੈ ਜਾਏਂਗਾ ॥

ਬਤਨ ਬਜ਼ਾਰ ਛਡੀ ਜਾਂਦਾ ਦਿਲਦਾਰ
ਯਾਰ ਦਾਸ ਭਗਵਾਂਨ ਕਦੋਂ ਫੇਰ ਘਰ ਆਇੰਗਾ ॥
॥੨੩੪॥ ਕਬਿਤ ॥
ਬਾਹਜ ਨਿਹਾਰ ਹੋਇ ਰਿਹਾ ਹੈਂ ਅਵਾਰ
ਕਰ ਚਸ਼ਮ ਤਰਾਰ ਚਾਰ ਕੋਗਲੋ ਲੜਾਇੰਗਾ ॥
ਕਰਿ ਰਿਹਾਂ ਹੈਂ ਦੀਦਾਰ ਬਾਜੂ ਬਾਜੂ ਕੋ ਫਲਾਰ
ਚਲ ਚਾਵਣਾ ਆਨਰ ਪਿਆਰ ਕੋਗਲੋ ਬੜ੍ਹਾਇੰਗਾ ॥
ਗਾਫਲ ਗਵਾਰ ਦੀਆ ਰਬ ਹੈ ਬਸਾਰ
ਹੋਣੀ ਬੁਰਦ ਬਹਾਰ ਪੈਰ ਕੋ ਗਲੋ ਅੜਾਇੰਗਾ ॥
ਕੂਚ ਕਾ ਮਕਾਂਨ ਇਹ ਮੁਸਾਫਰੀ ਸਤਾਏਂ ਜਾਣੁ
ਦਾਸ ਭਗਵਾਂਨ ਕੂਚਾ ਕੂਚ ਕਰ ਜਾਇੰਗਾ ॥
॥੨੩੫॥ ਕਬਿਤ ॥
ਜਿਸਮ ਜੁਆਨੀ ਬਿਚ ਪਿਆ ਅਭਮਾਂਨ
ਕਰ ਕਰਕੇ ਗੁਮਾਨੁ ਦਿਨ ਕੋ ਗਲੋ ਲਘਾਇੰਗਾ ॥
ਪਾਇ ਪਾਇ ਪੈਲ ਖੂਬੁ ਚਲਦਾ ਹੈਂ ਫੈਲ ਫੈਲ
ਹੋਇਕੇ ਅਵੈਲ ਫੈਲ ਕੋ ਗਲੋ ਕਮਾਇੰਗਾ ॥
ਕਾਲੁ ਕਰੇ ਮਾਰ ਜਾਂ ਅਗਾਰ ਹੋ ਖੁਆਰ
ਤੂੰ ਕਬੂਤਰ ਦੇ ਵਾਂਗ ਆਂਖ ਸਾਸ ਕੋ ਚਰਾਇੰਗਾ ॥
ਕੂਚ ਦਾ ਮਕਾਨੁ ਇਹ ਮੁਸਾਫਰੀ ਸਰਾਇ ਜਾਣੁ
ਦਾਸ ਭਗਵਾਨ ਕੂਚਾ ਕੂਚ ਕਰ ਜਾਇੰਗਾ ॥
॥੨੩੬॥ ਕਬਿਤ ॥
ਮੌਸਮ ਬਹਾਰ ਨਹੀਂ ਕਰੀਏ ਹੰਕਾਰ ਯਾਰ
ਖਿਜ਼ਾਂ ਦੀ ਬਹਾਰ ਕਹੀਂ ਨਜ਼ਰ ਨਾ ਆਇੰਗਾ ॥

ਨਹੀਂ ਕਰੋ ਇਤਬਾਰ ਇਹ ਜ਼ਿੰਦਗੀ ਨਾ ਪਾਏਦਾਰ
ਵਾਂਗ ਗੁਲਜ਼ਾਰ ਦਿਲਦਾਰ ਕੁਮਲਾਏਂਗਾ ॥
ਝੜੇ ਇਹ ਫਲਾਰ ਜੋਊ ਕਰਿਆ ਪਸਾਰ
ਰਲ ਜਾਏ ਐਸਾ ਛਾਰ ਨਹੀਂ ਡਾਲ ਫੇਰ ਪਾਏਂਗਾ ॥
ਕੂਚ ਦਾ ਮਕਾਨ ਇਹੁ ਮੁਸਾਫਰੀ ਸਰਾਇ ਜਾਣ
ਦਾਸ ਭਗਵਾਂਨ ਕੂਚਾ ਕੂਚ ਕਰ ਜਾਏਂਗਾ ॥

॥੨੩੭॥ ਕਬਿਤ ॥

ਧੁੰਨ ਦਾ ਹੈ ਮਾਥ ਨਹੀਂ ਜਾਣਿਆ ਪ੍ਰਾਣ ਨਾਥੁ
ਭੁਲਕੇ ਅਨਾਥ ਨਾਥ ਕਿਸ ਕੋ ਧਿਆਏਂਗਾ ॥
ਨਹੀਂ ਲਖਿਆ ਅਰੂਪ ਰੂਪ ਭੂਪਨ ਕੋ ਭੂਪ ਜੋਈ
ਛਡਕੇ ਸਰੂਪ ਰੂਪ ਕਿਸ ਕੋ ਮਨਾਏਂਗਾ ॥
ਹਾਦਰ ਹਦੂਰ ਜਿਹੜਾ ਨਹੀਂ ਕਿਤੇ ਦੂਰ ਹੈ
ਜੋ ਤਜ ਕੇ ਇਹੁ ਖੁਦ ਨੂਰ ਕਿਸ ਮੇਂ ਸਮਾਏਂਗਾ ॥
ਕੂਚ ਦਾ ਮਕਾਨ ਇਹੁ ਮੁਸਾਫਰੀ ਸਰਾਇ ਜਾਣ
ਦਾਸ ਭਗਵਾਂਨ ਕੂਚਾ ਕੂਚ ਕਰ ਜਾਏਂਗਾ ॥

॥੨੩੮॥ ਕਬਿਤ ॥

ਭੈਜਲ ਸਗਾਹ ਦੇਖ ਭਰਦਾ ਹੈਂ ਠੰਡੇ ਸਾਹ
ਜਾਣੀ ਨਾ ਪਨਾਹ ਬੇ ਅਥਾਹ ਗੋਤੇ ਖਾਏਂਗਾ ॥
ਪਾਮਦਾ ਅਜਾਬ ਬਿਨ ਆਬ ਗਰਕਾਬ
ਨਹੀਂ ਜਾਣਿਆਂ ਹਸਾਬ ਤਾਂ ਸੁਵਾਬੁ ਕੈਸੇ ਪਾਏਂਗਾ ॥
ਜਾਇ ਫੜੁ ਪੇਸ਼ਵਾਇ ਦੇਵੇ ਮਾਰਗ ਬਤਾਇ
ਇਹ ਕਰਕੇ ਉਪਾਇ ਹੋਲ ਹੁਣ ਹੀ ਹਟਾਏਂਗਾ ॥

ਕੂਚ ਦਾ ਮਕਾਂਨ ਇਹੁ ਮੁ ਾਫਰੀ ਸਰਾਂਇ ਜਾਣ
ਦਾਸ ਭਗਵਾਨ ਕੂਚਾ ਕੂਚ ਕਰ ਜਾਏਂਗਾ ॥
॥੨੩੯॥ ਕਬਿਤ ॥
ਜੁਲਮੀਂ ਨਾ ਕਰੋ ਧਰੋ ਗੁਰੂ ਕਾ ਧਿਆਨ ਭਾਈ
ਮਾਇਆ ਮਦ ਅੰਧ ਛਾਈ ਦਿਲ ਕੋ ਉਤਾਰੋ ਖਾਂ ॥
ਕਹੇ ਜੋਈ ਵਾਕ ਆਪ ਗ੍ਰੰਥਨ ਮੇਂ ਮਹਾਰਾਜ
ਸਰਧਾ ਸਜੁਕਤ ਹੋ ਤਿਨਕੋ ਬਚਾਰੋ ਖਾਂ ॥
ਛੋਡਿ ਮਤ ਮੰਦ ਪੰਦ ਗੁਰ ਕੀ ਪਸੰਦ ਕਰ
ਹੋਇ ਨਿਰਦਵੰਦ ਜਰਾ ਅਖੀਆਂ ਉਘਾਰੋ ਖਾਂ ॥
ਹਿਰਸ ਹਿਮੰਚਲ ਲਬੇੜ ਨਹੀਂ ਐਚਲ ਕੋ
ਦਾਸ ਭਗਵਾਂਨ ਜੜ ਜਾਹਲੀ ਦੀ ਉਖਾਰੋ ਖਾਂ ॥
॥੨੪੦॥ ਕਬਿਤ ॥
ਗੁਰ ਕੀ ਪਛਾਂਨ ਆਨ ਝਟਕੇ ਦੀ ਤਜੋ ਬਾਂਣ
ਕਰੋ ਨਾ ਧਗਣ ਤਾਣ ਜਾਣ ਪਰਮਾਂਣ ਕੋ ॥
ਮਾਸ ਕਾ ਅਹਾਰਾ ਮਹਾਂ ਪੁਰਸ਼ੋਂ ਪੁਕਾਰਾ ਨਾਂਹਿ
ਲ਼ੈ ਕਨ ਇਸ਼ਾਰਾ ਐਸੇ ਕੀਆ ਹੈ ਨਦਾਨ ਕੋ ॥
ਰਤ ਲਗੇ ਕਪੜੇ ਜੇ ਜਾਮਾਂ ਹੋ ਪਲੀਦ ਜਾਏ
ਮਾਨਸ ਕਿਉਂ ਖਾਇ ਪਾਇ ਨਿਰਮਲ ਗਿਆਂਨ ਕੋ ॥
ਇਸ਼ਟ ਤੁਮਾਰਾ ਕਹੋ ਪਕੜੋ ਕਨਾਰਾ ਇਸੇਂ
ਦਾਸ ਭਗਵਾਂਨ ਨਾਂ ਭਲਾਓ ਵਖਿਆਂਨ ਕੋ ॥
॥੨੪੧॥ ਕਬਿਤ ॥
ਅਗਰ ਕਹੋ ਦੋਸ਼ ਨਹੀਂ ਸਿੰਘਨ ਕੋ ਝਟਕੇ ਮੇਂ
ਮੁਝੇ ਬਤਲਾਓ ਤੁਮੇ ਕਿਸ ਫੁਰਮਾਇਆ ਹੈ ॥

ਕੌਣ ਸੀ ਅਚਾਰਜ ਓਹੁ ਕੌਣ ਅਵਤਾਰਿ ਕਹੀਏ
ਕੌਣ ਨੀਤੀ ਵਾਲਾ ਜਿਨ ਰਾਹੁ ਏ ਚਲਾਇਆ ਹੈ ॥
ਦੀਨ ਮਸਕੀਨ ਕਹੋ ਮਾਰਨੇ ਹੈਂ ਕਹਾਂ ਆਏ
ਆਕੇ ਇਹ ਮਸਲਾ ਮਨੋਕਤੀ ਬਨਾਇਆ ਹੈ ॥
ਬਾਣੀ ਓਹੁ ਸੁਣਾਓ ਜਾਂਮੈ ਧਰਮ ਹੈ ਜੀਵਹਨੀ
ਦਾਸ ਭਗਵਾਂਨ ਏਵੇਂ ਰੌਲਾ ਕਿਉਂ ਮਚਾਇਆ ਹੈ ॥

॥੨੪੨॥ ਕਬਿਤ ॥

ਜੀਵੋਂ ਕੋ ਸਤਾਨਾਂ ਨਾ ਬਖਾਨਾ ਹੈ ਮਹਾਤਮਾ ਨੇ
ਬਲਕ ਛੁਡਾਨਾ ਸਹੀ ਸਮਝ ਮੇਂ ਆਇਆ ਹੈ ॥
ਰਾਖਸ਼ੋਂ ਕੇ ਦੇਸ ਜਾਇ ਆਪ ਗੁਰੂ ਨਾਨਕ ਜੀ
ਦੇਖੋ ਉਪਦੇਸ਼ ਕੈਸੇ ਉਨ ਕੋ ਜਣਾਇਆ ਹੈ ॥
ਮੇਵੋਂ ਕਾ ਭੀ ਖਾਣਾ ਨਾ ਕਬੂਲ ਕੀਤਾ ਤਦੋਂ ਤੀਕ
ਜਦੋਂ ਤੀਕ ਨਾ ਅਭੱਛ ਸੇ ਸੀ ਨਿਜਮ ਕਰਾਇਆ ਹੈ ॥
ਸੂਛ ਧਰਮ ਗ੍ਰੈਹਣ ਸੀ ਕੀਤਾ ਜਦੋਂ ਰਾਖਸ਼ਾਂ ਨੇ
ਦਾਸ ਭਗਵਾਂਨ ਤਾਂ ਹੀ ਭੋਗ ਸੀ ਲਗਾਇਆ ਹੈ ॥

॥੨੪੩॥ ਕਬਿਤ ॥

ਅਜ ਕੋ ਨਾ ਮਾਰ ਅਬ ਗਾਫਲੀ ਬਸਾਰ
ਭਾਈ ਕਥਨੀ ਬਚਾਰ ਸਾਰ ਕਹੀ ਗ੍ਰੰਥ ਆਦ ਹੈ ॥
ਅਠ ਸਠ ਤੀਰਥ ਤੇ ਸਗਲ ਹੀ ਪੁੰਨ ਜੀਵ
ਦਇਆ ਪਰਵਾਂਨ ਆਇਆ ਮਾਝ ਰਾਗ ਪਾਦ ਹੈ ॥
ਛਿਮਾਹੀ ਏ ਧਾਰੋ ਨਹੀਂ ਜ਼ੁਲਮੀ ਗੁਜ਼ਾਰੋ ਭਾਈ
ਆਜਜੋਂ ਪੈ ਕੋਪ ਕਹੋ ਕੌਣ ਸੀ ਇਹ ਦਾਦ ਹੈ ॥

ਮਤ ਕਹੋ ਜੀਵਹਨੀ ਕਿਸੇ ਭੀ ਹੈ ਕਹੀ ਗੁਰ
ਦਾਸ ਭਗਵਾਂਨ ਨਹੀਂ ਕੋਈ ਭੀ ਬੇਦਾਦ ਹੈ ॥
॥੨੪੪॥ ਕਬਿਤ ॥
ਸਿਦਕੀ ਹੋ ਸਿੰਘ ਕਰੋ ਧਾਰਨ ਧਰਮ ਓਹੋ
ਗੁਰੂ ਜੀ ਗੋਬਿੰਦ ਸਿੰਘ ਕਹਾ ਜੋ ਅਸੂਲ ਹੈ ॥
ਚਿਉਂਟੀ ਅਤੇ ਕੁੰਚਰ ਲੌ ਬੂਲਾ ਦੇਖੋ ਸਭ ਹੀ ਪੈ
ਕ੍ਰਿਪਾ ਦ੍ਰਿਸ਼ਟ ਸਿਉਂ ਰਿਹਾ ਏਕ ਫੂਲ ਹੈ ॥
ਸਾਰੇ ਪ੍ਰਫੁਲਤ ਹੋ ਰਿਹਾ ਸਹੀ ਆਤਮਾਂ ਜਾਂ
ਮ੍ਰਿਗ ਔ ਮੁਰਗ ਮੇਂ ਕੈਸੇ ਨਹੀਂ ਮੂਲ ਹੈ ॥
ਮੁਖ ਵਾਕ ਆਪ ਕਹੀ ਰਾਵਰ ਜਾਂ ਦਸਵੇਂ ਨੇ
ਦਾਸ ਭਗਵਾਨ ਕਹਣਾ ਕਰੋਂ ਕਿਉਂ ਅਦੂਲ ਹੈ ॥
॥੨੪੫॥ ਕਬਿਤ ॥
ਪੀਵੀਏ ਸ਼ਰਾਬ ਨਹੀਂ ਹੋਵੀਏ ਖਰਾਬ ਨਹੀਂ
ਪਾਵੀਏ ਅਜਾਬ ਐਸੇ ਅਸਲ ਬਿਚਾਰਿਆ ॥
ਦਮ ਮੇਂ ਦਲੀਲ ਨਹੀਂ ਅਮਲ ਅਸੀਲ ਨਹੀਂ
ਬੁਖਲ ਬਖੀਲ ਫੀਲ ਅੰਦਰ ਲੈ ਡਾਰਿਆ ॥
ਜੀਵਣੇ ਦਾ ਹਜੁ ਨਹੀਂ ਮਰਨੇ ਦਾ ਚਜੁ ਨਹੀਂ
ਪੀਆ ਦੀ ਨਾਂ ਲਜ ਗਜ ਬਜ ਕੀ ਸਵਾਰਿਆ ॥
ਕਹੇ ਭਗਵਾਂਨ ਦਾਸ ਸਚ ਦੇ ਬਲਾਸ ਰਾਸ
ਇਸ਼ਕ ਅਦਾਇ ਬਿਨਾਂ ਨਸ਼ਾਨਾ ਪਿਆਰਿਆ ॥
॥੨੪੬॥ ਕਬਿਤ ॥
ਪੀ ਪੀ ਭੰਗ ਨਹੀਂ ਹੂਆ ਹੈਂ ਮਲੰਗ ਨਹੀਂ
ਬਣਕੇ ਨਹੰਗ ਅੰਗ ਅੰਗ ਸੇ ਹੈ ਮਾਰਿਆ ॥

ਕਾਮ ਤੇ ਕ੍ਰੋਧ ਪਾਇ ਰਹੇ ਹੈਂ ਬ੍ਰੋਧ ਲੋਭ
ਮੋਹ ਔ ਹੰਕਾਰ ਨੇ ਹੈ ਬੁਰਜ ਉਸਾਰਿਆ ॥
ਕਰ ਰਹੇ ਜੁਧ ਨਹੀਂ ਆਵੰਦੀ ਹੈ ਸੁਧ ਐਸੇ
ਹੋਇਕੇ ਵਿਰੁਧ ਉਧ ਤੁਧ ਨੂੰ ਨਿਘਾਰਿਆ ॥
ਕਹੇ ਭਗਵਾਨ ਦਾਸ ਸਚ ਦੇ ਬਲਾਸ ਰਾਸ
ਇਸ਼ਕ ਅਦਾਇ ਬਿਨਾਂ ਨਸ਼ਾਨਾਂ ਪਿਆਰਿਆ ॥

॥੨੪੭॥ ਕਬਿਤ ॥

ਖਾਇ ਪੋਸਤ ਅਫੀਮ ਨਹੀਂ ਪਾਈ ਹੈ ਤਾਲੀਮ
ਐਸੇ ਦੇਖ ਅਕਲੀ ਮਤ ਸਲੀਮ ਨਾ ਗੁਜਾਰਿਆ ॥
ਕਰੀ ਨਹੀਂ ਘੋਕ ਪਈ ਪੰਚਨ ਕੀ ਰੋਕ
ਕਭੀ ਲਾਇ ਲਾਇ ਝੋਕ ਨਹੀਂ ਨਸ਼ੇ ਕੋ ਨਤਾਰਿਆ ॥
ਹੂਈ ਨਾਂ ਮਕੂਫੀ ਸੂਫੀ ਸਿਫਲੀ ਮਕਾਨ ਨਸ਼ੇ
ਅਨਾਂਦੀ ਮਕਾਨ ਪੈਨਾ ਜਾਇ ਝਾਕਾ ਮਾਰਿਆ ॥
ਕਹੇ ਭਗਵਾਨ ਦਾਸ ਸਚ ਦੇ ਬਲਾਸ ਰਾਸ
ਇਸ਼ਕ ਅਦਾਇ ਬਿਨਾਂ ਨਸ਼ਾਨਾ ਪਿਆਰਿਆ ॥

॥੨੪੮॥ ਕਬਿਤ ॥

ਸੁਲਫਾ ਕਿਉਂ ਪੀਆ ਗੈਹਰੋ ਗੈਹਰ ਨਾ ਥੀਆ ਜੀਆ
ਬੀਆ ਬਰਨ ਸਰੂਪ ਉਰ ਧਾਰਿਆ ॥
ਐਹਲ ਤਮੀਜ਼ ਨਹੀਂ ਅਮਲ ਅਜੀਜ ਨਹੀਂ
ਪਾਈ ਐਸੀ ਚੀਜ਼ ਨਾ ਮਰੀਜ਼ ਮਤਵਾਰਿਆ ॥
ਗਲਤ ਗਨੀਮ ਨਹੀਂ ਦੇਖੀ ਤਕਸੀਮ ਨਹੀਂ
ਹੋਇ ਮੁਸਤਕਾਮ ਨਾ ਤੌਹੀਦੀ ਦਮੁ ਮਾਰਿਆ ॥

ਕਹੇ ਭਗਵਾਨ ਦਾਸ ਸਚ ਦੇ ਬਲਾਸ ਰਾਸ
ਇਸ਼ਕ ਅਦਾਇ ਬਿਨਾਂ ਨਸ਼ਾਨਾ ਪਿਆਰਿਆ ॥
॥੨੪੯॥ ਕਬਿਤ ॥
ਖਾਂਵਦਾ ਕਬਾਬ ਨਹੀਂ ਜਾਣਿਆ ਜਬਾਬ
ਕੈਸੇ ਮਿਲੇਗਾ ਸਵਾਬ ਜਾਂ ਹਸਾਬ ਨਾਂ ਬਚਾਰਿਆ ॥
ਨਫਸ਼ ਸ਼ੈਤਾਨ ਨਹੀਂ ਮਾਰਿਆ ਨਦਾਂਨ
ਏਹ ਸਤਵੇਂ ਮਕਾਂਨ ਪੈ ਨਾਂ ਜਾਇਕੇ ਸਵਾਰਿਆ ॥
ਖਾਇ ਨਹੀਂ ਲੀਆ ਪੂਰਾ ਅਮਲ ਨਾ ਕੀਆ
ਕਭੀ ਦਸਵੇਂ ਦੁਵਾਰ ਜਾ ਅਰਾਮ ਨਾ ਗੁਜ਼ਾਰਿਆ ॥
ਕਹੇ ਭਗਵਾਨ ਦਾਸ ਸਚ ਦੇ ਬਲਾਸ ਰਾਸ
ਇਸ਼ਕ ਅਦਾਇ ਬਿਨਾਂ ਨਸ਼ਾਨਾ ਪਿਆਰਿਆ ॥
॥੨੫੦॥ ਕਬਿਤ ॥
ਸੁਖਾ ਸੁਲਫਾ ਸ਼ਰਾਬ ਚੰਡੂ ਪੋਸਤ ਅਫੀਮ
ਸਾਰੇ ਪੀਏ ਹੈਂ ਅਮਲ ਨਹੀਂ ਅਮਲ ਗੁਜਾਰਿਆ ॥
ਨਹੀਂ ਮਰਮ ਪਛਾਨਾ ਭੇਦ ਬਾਤਨੀ ਨਾਂ ਜਾਨਾਂ
ਭਇਆ ਵਾਵਰਾ ਦੀਵਾਨਾਂ ਮੂੜ ਆਪਕੋਬਸਾਰਿਆ ॥
ਮੁਦਾ ਨਹੀਂ ਪਾਇਆ ਰੂਪ ਰੇਤ ਮੇਂ ਰਲਾਇਆ ਆਪ
ਆਪ ਕੋ ਗਵਾਇਅ ਨਹੀਂ ਨੂਰ ਕੋ ਨਖਾਰਿਆ ॥
ਕਹੇ ਭਗਵਾਨ ਦਾਸ ਸਚ ਦੇ ਬਲਾਸ ਰਾਸ
ਇਸ਼ਕ ਅਦਾਦਿ ਬਿਨਾ ਨਸ਼ਾ ਨਾਂ ਪਿਆਰਿਆ ॥
॥੨੫੧॥ ਕਬਿਤ ॥
ਦੋਸਤ ਦਮਾਗ ਹੈ ਬੇਦਾਗ ਬਾਗ ਰੋਸ਼ਨ ਜਹ
ਬਰਗ ਪੈ ਬਰਗ ਸਮਾਇਆ ਦਿਲਦਾਰ ਹੈ ॥

ਅਜਬ ਅਵਾਜ ਨਹੀਂ ਜ਼ਰਾ ਇਹੁਤਰਾਜ਼
ਏਹੁ ਰਾਜੁ ਜੁ ਦਰਾਜੁ ਹੂਆ ਸ਼ੋਕ ਮੈਂ ਸ਼ਮਾਰ ਹੈ ॥
ਮਨਜਲੁ ਮੁਕਾਮੁ ਨਾਮੁ ਤਹਾਂ ਕਾ ਹੈ ਨਿਜ ਧਾਮ
ਸਚ ਕਾ ਅਰਾਮ ਹੂਈ ਵਹਦਤ ਬਹਾਰ ਹੈ ॥
ਕਰੋ ਤਹਾਂ ਕੀ ਤਿਆਰੀ ਜਹਾਂ ਜਾਤ ਹੈ ਹਮਾਰੀ
ਹੁਣ ਦਾਸ ਭਗਵਾਨ ਏਹੁ ਸਹੀ ਗੁਫਤਾਰ ਹੈ ॥

॥੨੫੨॥ ਕਬਿਤ ॥

ਮਾਲਕ ਮੱਲਿਕ ਕੁਲ ਮੁਲਕ ਮਲੱਕ ਫੱਕ
ਹੱਕ ਬਰਹੱਕ ਬਰਹੱਕ ਹੈ ਹਕੀਕਤੀ ॥
ਜਿਸਮ ਜਮਾਤ ਜਾਤ ਜਿਸਮੀ ਆਜਾਤ ਜਾਤ
ਜਿਸਮੀ ਕੀ ਜਾਤ ਜਾਤ ਜਾਤ ਹੈ ਰਫੀਕਤੀ ॥
ਜਿਸਮ ਫਨਾਹਿ ਜਬ ਇਸਮ ਬਕਾਇ ਕਬ
ਇਸਮੀ ਐ ਜਿਸਮੀ ਕੀ ਕਰਤ ਸਦੀਕਤੀ ॥
ਅਰਸ਼ ਐ ਫਰਸ਼ ਸਮਾਇ ਰਿਹਾ ਖੁਦ ਨੂਰ
ਦਾਸ ਭਗਵਾਨ ਲੈ ਸ਼ਨਾਖਤ ਤਹਕੀਕਤੀ ॥

॥੨੫੩॥ ਕਬਿਤ ॥

ਸਾਹਬ ਸਲੂਕ ਮਹਾਂ ਸੁੰਦ੍ਰ ਮਲੂਕ ਹੋਇ
ਮਹਰਮ ਮਲੂਕ ਕਰੇ ਆਸ਼ਕੀ ਕਰਾਰੀ ਹੈ ॥
ਅਜਬ ਅਦਾਇ ਰਹੇ ਦੇਖਕੇ ਅਘਾਇ
ਸਕਾਂ ਕਿਊਂ ਮੈਂ ਬਤਾਇ ਐਸੀ ਸੂਰਤ ਸੈਂਕਾਰੀ ਹੈ ॥
ਦਿਲ ਤੇ ਈਮਾਂਨ ਕਰਾਂ ਜਾਂਨ ਕੁਰਬਾਂਨ
ਓਹੁ ਹੁਸਨ ਦੀ ਖਾਨ ਜੋ ਪ੍ਰਾਨ ਹੂੰ ਸੇ ਪਿਆਰੀ ਹੈ ॥

ਕਰੀਏ ਜੇ ਸੰਗ ਰੰਗ ਦੇਖ ਦਿਲੁ ਦੰਗ ਹੋਇ
ਦਾਸ ਭਗਵਾਨ ਰਹੇ ਆਂਖੋਂ ਮੇਂ ਖੁਆਰੀ ਹੈ ॥
॥੨੫੪॥ ਕਬਿਤ ॥
ਆਕਲ ਅਸੀਲ ਡੌਲ ਸੂਖਮ ਸਕੀਲ ਐਸਾ
ਵੈਸਾ ਹੀ ਵਸੀਲ ਹਰੇ ਦਿਲ ਦਾ ਦੁਰਾਉ ਹੈ ॥
ਸੂਰਤ ਦਾ ਸੋਹਣਾ ਮੋਹਣਾ ਖੋਹਣਾ ਦਿਲ ਦੋਸਤਾਂ ਦੇ
ਬੋਸਤਾਂ ਦੇ ਬਾਬ ਦੇਖ ਘਟੇ ਘਬਰਾਉ ਹੈ ॥
ਐਸਾ ਨਿਗਾਬਾਨ ਕਰ ਸਕੇ ਨਾਂ ਜੁਬਾਨ ਬਿਆਂਨ
ਕਦਰ ਹੋਇ ਦਾਂਨ ਕਰੇ ਦਿਲ ਦਾ ਬਰਾਉ ਹੈ ॥
ਸੀਨੇ ਦਾ ਹੈ ਸਾਫ ਨਾਫ ਦੇਖ ਭਗਵਾਂਨ ਦਾਸ
ਪਾਸ ਪਿਆਰਾ ਖਾਸ ਹੋਇ ਰੰਕ ਹੀ ਸੇ ਰਾਓ ਹੈ ॥
॥੨੫੫॥ ਕਬਿਤ ॥
ਸਾਹਬ ਸਹੂਰ ਨੂਰੁ ਸਚ ਦਾ ਸਰੂਰ ਹੂਰ
ਦੇਖ ਦਸਤੂਰ ਮਗਰੂਰ ਮੀਤ ਡਾਰੀਏ ॥
ਨਾਜ਼ਕ ਨਸ਼ਾਨ ਹੈ ਜਹਾਂਨ ਦੀ ਹੀ ਜਾਂਨ ਸ਼ਾਂਨ
ਦਿਲ ਦਰਮਿਆਂਨ ਧਿਆਂਨ ਉਸਦਾ ਹੀ ਧਾਰੀਏ ॥
ਹੁਬਦਾ ਹਜਾਰੀ ਕਾਰੀ ਕਰਦਾ ਅਸਾਰੀ
ਪਰਕਾਰੀ ਬਸ ਯਾਰੀ ਦਿਲਦਾਰੀ ਮੇਂ ਗੁਜ਼ਾਰੀਏ ॥
ਹੋਇ ਜਦੋਂ ਮੇਲ ਕੇਲ ਕਰ ਭਗਵਾਨ ਦਾਸ
ਪਾਸ ਮੁਸ਼ਤਾਕ ਕਿਉਂ ਝਰੋਖੀਂ ਝਾਤਾਂ ਮਾਰੀਏ ॥
॥੨੫੬॥ ਕਬਿਤ ॥
ਮਹਰਮ ਮਹਬੂਬ ਬਣਾ ਹੋਜਹੈ ਹਬੂਬ ਤੇ
ਖਿਰਦਮੰਦ ਖੂਬੁ ਖੂਬੁ ਰਖਦਾ ਦਨਾਈ ਹੈ ॥

ਜਾਦੂ ਦਾ ਜ਼ਖੀਰਾ ਹੈ ਮਮੀਰੇ ਦਾ ਜੰਜੀਰਾ ਓਹੁ
ਆਸ਼ਕਾਂ ਦੇ ਦੀਦਿਆਂ ਨੂੰ ਦੇਵਦਾ ਬੀਨਾਈ ਹੈ ॥
ਬਹਦਤ ਬਹਾਰ ਪਕ ਪੱਕਿਆ ਕਿਆਰ ਹੋਰ
ਛੁਟਿਆ ਬਿਹਾਰ ਜਦੋਂ ਹੋਈ ਰੁਸ਼ਨਾਈ ਹੈ ॥
ਬਟੀਏ ਨਾ ਬਖਤ ਤੇ ਪਲਟੀਏ ਨਾ ਅਖ ਰਖ
ਦਾਸ ਭਗਵਾਨ ਹੋਇ ਐਸੀ ਅਸ਼ਨਾਈ ਹੈ ॥

॥੨੫੭॥ ਕਬਿਤ ॥

ਪ੍ਰੀਤਮ ਪਿਆਰੇ ਦੇ ਇਸ਼ਾਰੇ ਜੋ ਨਿਆਰੇ ਨਿਆਰੇ
ਜਦੋਂ ਦੇ ਨਿਹਾਰੇ ਹੋਇ ਰਹੇ ਬਲਹਾਰੇ ਹਾਂ ॥
ਕੈਸੀ ਦਿਆਂ ਮੈਂ ਨਸ਼ਾਨੀ ਨਹੀਂ ਵਿਚ ਦੋ ਜਹਾਨੀ
ਐਸੀ ਸੂਰਤ ਲਾਸਾਨੀ ਦੇਖ ਹੋਏ ਬਨਜਾਰੇ ਾਂ ॥
ਖੇਲ ਹੈ ਖਿਆਲੀ ਚਾਲ ਓਸਦੀ ਨਰਾਲੀ
ਅਸੀਂ ਜਦੋਂ ਦੀ ਹੈ ਭਾਲੀ ਲੈਂਦੇ ਤਦੋਂ ਦੇ ਨਜਾਰੇ ਹਾਂ ॥
ਰਿਹਾ ਨਹੀਂ ਗੰਮ ਪਿਆ ਦੰਮ ਵਿਚ ਦੰਮ ਆਇ
ਦਾਸ ਭਗਵਾਂਨ ਹੋਇ ਰਹੇ ਮਤਵਾਰੇ ਹਾਂ ॥

॥੨੫੮॥ ਕਬਿਤ ॥

ਚੰਦ ਦਾ ਭੀ ਚੰਦ ਓਹ ਸਚ ਕਾ ਅਨੰਦ ਹੈ
ਪਸੰਦ ਦਿਲਬੰਦ ਜੁ ਬਲੰਦ ਅਸੀਂ ਜਾਣਿਆ ॥
ਪੁਸ਼ਤ ਪਨਾਹਿ ਭਾਰੀ ਗੈਬਲ ਗਵਾਹਿ ਸਹੀ
ਦਸ ਦਾਸ ਲਾਹਿ ਹੈ ਨਿਗਾਹ ਬਿਚਿ ਆਣਿਆਂ ॥
ਮੁਖ ਮਤਵਾਲਾ ਪੀਆ ਪ੍ਰੇਮ ਜਾਂ ਪਿਆਲਾ
ਹੋਇਆ ਹਾਂਸਲੁ ਹੁਵਾਲਾ ਤਾਂ ਸਰੂਪ ਹੈ ਸਿਆਂਣਿਆ ॥

ਪਾਇਆ ਪਿਆਰ ਪਾਸ ਖਾਸ ਭਇਆ ਬਸਵਾਸ ਨਾਸ
ਦਾਸ ਭਗਵਾਨ ਤਾਂ ਅਨੰਦ ਖੂਬੁ ਮਾਣਿਆ ॥
॥੨੫੯॥ ਕਬਿਤ ॥
ਸਾਜਨ ਸ਼ਰੀਫ ਤੋਹਫਾ ਤਿਸਦੀ ਤਾਰੀਫ
ਕਰਾਂ ਕੈਸੇ ਤਸਨੀਫ ਐਡੀ ਅਕਲ ਨਾ ਭਾਰੀ ਹੈ ॥
ਉਰ ਮੇਂ ਹੈ ਆਲਾ ਓਹੁ ਉਜਾਲਾ ਜੁ ਬਸਾਲਾ
ਦੇ ਮਹੱਬਤ ਮਸਾਲਾ ਪ੍ਰਕਾਸੇ ਬਿਸ੍ਵ ਸਾਰੀ ਹੈ ॥
ਹਰਿ ਹਰਿ ਹਾਲ ਰਹਿੰਦਾ ਖੂਬੁ ਖੁਸ਼ਹਾਲ
ਚਾਲ ਮਿਲਦੀ ਮੁਹਾਲ ਚਾਹੇ ਸਭ ਨਰ ਨਾਰੀ ਹੈ ॥
ਬਾਤ ਬਹੁਤੀ ਕੀ ਪੁਕਾਰੂੰ ਜੀਉਂਦੀ ਜਾਂਨ ਨਾਂ ਬਸਾਂਰੂੰ
ਓਹੁ ਦਾਸ ਭਗਵਾਨ ਐਸੀ ਸੂਰਤ ਦੀਦਾਰੀ ਹੈ ॥
॥੨੬੦। ਕਬਿਤ ॥
ਸਾਜਨ ਸਿਆਣਾਂ ਮੈਂ ਨਦਾਂਨ ਹਾਂ ਇਆਣਾਂ
ਨਹੀਂ ਮੰਨਦਾ ਜਾਂ ਭਾਣਾਂ ਤਾਂ ਟਕਾਣਾ ਕੈਸੇ ਪਾਵਾਂ ਮੈਂ ॥
ਸਿਰਫ ਸਨਾਇ ਸਾਰੀ ਕਹੀ ਨਹੀਂ ਜਾਇ
ਜਾਂਨੀ ਜਿਗਰ ਮਨਾਇ ਹਾਲੁ ਕੁਝਕੁ ਅਲਾਵਾਂ ਮੈਂ ॥
ਮੁਨਸਫ ਆਪ ਭਾਰਾ ਕਰੇ ਇਨਸਾਫ ਸਾਰਾ
ਦੇਖਕੇ ਸਤਾਰਾ ਬਲਹਾਰ ਬਲ ਜਾਵਾਂ ਮੈਂ ॥
ਪਿਆ ਲਸ਼ਕਾਰਾ ਦਿਲੁ ਲੈ ਗਿਆ ਹਮਾਰਾ
ਹੁਣ ਦਾਸ ਭਗਵਾਂਨ ਗੀਤ ਉਸਦੇ ਹੀ ਗਾਵਾਂ ਮੈਂ ॥
॥੨੬੧॥ ਕਬਿਤ ॥
ਦੇਖ ਐਸੇ ਡੋਲ ਪਿਆਰਾ ਰਿਹਾ ਕੈਸੇ ਮੋਲ
ਸਾਰੇ ਸੁਣ ਸੁਣ ਕੋਲ ਹੋਲ ਹਟਣ ਸੀਰਰ ਦੇ ॥

ਬੋਲੀ ਬੋਲ ਸੇ ਬਰੀਕ ਨਹੀਂ ਕੋਈ ਹੈ ਸਰੀਕ
ਏਹ ਸਮਝ ਤਰੀਕ ਪਾਸ ਪੀਆ ਹੈ ਫਕੀਰ ਦੇ ॥
ਵਸਲ ਵਸਾਲ ਹੋਇ ਰਿਹਾ ਹੈ ਜਮਾਲ
ਦੇਖ ਦੇਖ ਕੇ ਨਿਹਾਲ ਜ਼ੋਰ ਤਪੇ ਤਕਦੀਰ ਦੇ ॥
ਲਈਏ ਕਰ ਹੱਜੁ ਰਜ ਰਖੀਏ ਨ ਲੱਜ ਅਜ
ਦਾਸ ਭਗਵਾਨ ਮੇਲੇ ਮੇਲੀਆ ਅਖੀਰ ਦੇ ॥

॥੨੬੨॥ ਕਬਿਤ ॥

ਦਿਲਬਰ ਯਾਰ ਸੁਣੀ ਸਚ ਦੀ ਪੁਕਾਰ
ਆਈ ਅਬਰ ਬਹਾਰ ਦਿਲਦਾਰ ਰਸ ਘੋਲ ਦੇ ॥
ਬੱਤਕ ਲਟੋਰ ਮੋਰ ਕਰ ਰਹੀ ਕੋਲ ਸ਼ੋਰ
ਬੱਦਲ ਦੀ ਘੋਰ ਤੇ ਜਨਾਵਰ ਭੀ ਬੋਲਦੇ ॥
ਬਿੰਡੇ ਮੈਂਡਕ ਔ ਮੀਨ ਰਹੇ ਸਬਦ ਕੋ ਚੀਨ ਕੈਸੇ
ਸੁਣ ਸੁਣ ਬੀਨ ਅਹਿ ਸਿਰ ਝੋਲਦੇ ॥
ਇਸ਼ਕ ਦੇ ਬੈਹਰ ਦੀ ਲੈਹਰ ਚੜਾਈ ਬਿਚ
ਦਾਸ ਭਗਵਾਂਨ ਨਾਂ ਕਤਾਬ ਕਦੇ ਖੋਲਦੇ॥

॥੨੬੩॥ ਕਬਿਤ ॥

ਆਈ ਘਟ ਛਾਂਮ ਜਗੁ ਦੇਖਦਾ ਤਮਾਮ
ਉਤੇ ਚੜ ਚੜ ਬਾਂਮ ਆਂਮ ਅਬਰ ਨਿਹਾਰ ਦੇ ॥
ਬਗ ਤਿਤਰ ਚਕੋਰ ਤੋਤੇ ਤਿਲੀਯਰ ਹੋਰ ਹੋਰੁ
ਦੇਖ ਚਮਕੋਰ ਹੋ ਚੁਕੰਨੇ ਚਾਂਗਾਂ ਮਾਰ ਦੇ ॥
ਬਣਾਂ ਦੇ ਬਘੇਰੇ ਸਿੰਘ ਮਾਰਨ ਬਧੇਰੇ
ਫਿਰੇ ਮਿਰਗ ਚੁਫੇਰੇ ਆਪ ਆਪਕੋ ਉਭਾਰਦੇ ॥

ਪਏ ਜਦੋਂ ਆਂਣ ਠਾਠ ਰਹੇ ਨਹੀਂ ਪੂਜਾ ਪਾਠ
ਦਾਸ ਭਗਵਾਂਨ ਕੌਲ ਕਰਨ ਬਹਾਰ ਦੇ॥

॥੨੬੪॥ ਕਬਿਤ ॥

ਚੜ ਬਦਲੀ ਜਾਂ ਆਈ ਸਾਰੀ ਧਰਤ ਸੁਹਾਈ
ਏਹਦੇ ਰੰਗ ਦੀ ਸੁਫਾਈ ਜਾਣੁ ਬੜੀ ਦੁਰਲਭ ਤੂੰ॥
ਭਾਂਤ ਭਾਂਤ ਖੁਲੇ ਰੰਗ ਖਿਲ ਖਿਲ ਪੈਣ ਅੰਗ
ਹੋਈ ਹੈ ਉਮੰਗ ਜੁ ਨਸੰਗ ਦੇਸ ਸਭ ਤੂੰ॥
ਕਾਰ ਕਰ ਬੰਦ ਲਈਂ ਸਚ ਕਾ ਅਨੰਦ ਹੁਣ
ਖਿਚ ਨਹੀਂ ਤੰਦ ਚੰਦ ਚੋਦਮੀਂ ਦਾ ਲਭ ਤੂੰ॥
ਕਰ ਕਰ ਸੰਗੁ ਅਬ ਹੋਹ ਖੁਦ ਰੰਗ ਫਿਰ
ਹੁਣ ਦਾਸ ਭਗਵਾਂਨ ਏਹ ਕਸੀਦਾ ਛਡ ਝਬ ਤੂੰ॥

॥੨੬੫॥ ਕਬਿਤ ॥

ਦਿਲਬਰ ਯਾਰ ਖੂਬੁ ਖਿਲੇ ਗੁਲਨਾਰ ਹੋਇ
ਅਜਬ ਤਿਆਰ ਬਿਚ ਸਬਜੀ ਸੁਹਾਵਣੀ॥
ਛਡਕੇ ਸਕੂਫਾ ਲੰਬਾ ਖਿੜਿਆ ਗੁਲਾਬ ਬੰਬਾ
ਮਰੂਆ ਤੇ ਚੰਬਾ ਹੈ ਚੰਬੇਲੀ ਖਿਲੀ ਸਾਵਣੀ॥
ਗਮਲੋਂ ਕੇ ਗੁਲ ਫੁਲ ਫੁਲ ਕੇ ਹੈਂ ਹੋਏ ਫੁਲ
ਬਰਗੋਂ ਪੈ ਚੁਹਕੇ ਬੁਲਬੁਲ ਮਨ ਭਾਵਣੀ॥
ਸਮਝੇ ਨਾਂ ਗਲ ਬੈਠੇ ਕਲੀਆਂ ਕੋ ਮਲ ਮਲ
ਦਾਸ ਭਗਵਾਂਨ ਬਾਜ਼ੀ ਬੁਰਦ ਹੋਇ ਜਾਵਣੀ॥

॥੨੬੬॥ ਕਬਿਤ ॥

ਘਟਾ ਆਈ ਪਰ ਬੰਨ ਹੋਇ ਰਹੀਂ ਧੰਨ ਧੰਨ
ਸਾਰੇ ਮਨ ਤਨ ਪ੍ਰਸੰਨਤਾ ਲਿਆਂਵਦੀ॥

ਮਿਠੀ ਮਿਠੀ ਵਗੇ ਪੌਣ ਬਗੁਲੇ ਅਕਾਸ ਭੌਣ
ਸੌਣ ਦੀ ਸਿਫਤ ਕੋਈ ਕਹੀ ਨਹੀਂ ਜਾਂਵਦੀ ॥
ਪੈਣ ਲਗੀਆ ਫੁਹਾਰ ਬੂੰਦ ਨਨੀ ਦਿਲਦਾਰ
ਹੋਏ ਹਮ ਹਮਵਾਰ ਨਾਰ ਨਾਰ ਕੁਸਲਾਵਦੀ ॥
ਬੈਹਣ ਬਿਸਥਾਰ ਉਤੇ ਆਏ ਭਗਵਾਂਨ ਦਾਸ
ਨੇਹੁ ਵਾਲੀ ਨਦੀ ਨਹੀਂ ਪਲਕ ਠਰਾਂਵਦੀ ॥
॥੨੬੭॥ ਕਬਿਤ ॥
ਜੇਹੜੇ ਪਾਏ ਗਲ ਹਾਰ ਸੋਈ ਗਏ ਗਲ ਹਾਰ
ਹੁਣ ਪਈ ਗਲ ਹਾਰ ਹਾਰ ਹਾਰ ਪਈ ਹੋਵੰਦੀ ॥
ਕੰਜਰ ਸੇ ਜੋਈ ਸੋਈ ਭਏ ਅਬ ਰੰਜਰ ਹੈਂ
ਕੰਜਰ ਕੇ ਹੂਏ ਨਾਰ ਕਜਰ ਕੀ ਰੋਵੰਦੀ ॥
ਨਹੀਂ ਕਰ ਜ਼ੋਰ ਜ਼ਰਾ ਜ਼ਰ ਦਾ ਹੈ ਜ਼ੋਰ ਜ਼ਰਾ
ਜ਼ਰਾ ਜ਼ਰਵਾਣੀ ਜੋਰ ਜੋਰ ਲੈ ਖਲੋਵੰਦੀ ॥
ਖਿੜੀ ਗੁਲਜਾਰ ਕਰ ਰਹੀ ਅਬ ਜ਼ਾਰ ਜ਼ਾਰ
ਦਾਸ ਭਗਵਾਂਨ ਭਾਵੀ ਬਣੇ ਕੰਮ ਖੋਵੰਦੀ ॥
॥੨੬੮॥ ਕਬਿਤ ॥
ਹਾਂਣ ਲਾਭ ਆਪਣੀ ਨਾ ਦੇਖੇਂ ਅਗਿਆਂਨ ਕਰ
ਪਟਿਆ ਹੈਂ ਨੀਂਦ ਨੇ ਨਾਂ ਅਖੀਆਂ ਉਘਾੜਦਾਂ ॥
ਮਿਰਗ ਅੰਗੂਰੀ ਚੁਗ ਜਾਣ ਪਛੁਤਾਏਂ ਫੇਰ
ਐਸ ਬਿਚ ਪਿਆ ਹੁਣ ਛੇਜਾਂ ਹੈਂ ਲਤਾੜਦਾਂ ॥
ਕਰਕੇ ਬਚਾਰ ਮਨ ਰੰਦੁ ਨਹੀਂ ਰੋਕਦਾ ਜਾਂ
ਉਕਰਕੇ ਜੜ ਆਪ ਆਪਣੀ ਉਖਾੜਦਾਂ ॥

ਕਿਸੇ ਨੂੰ ਕੀ ਦੋਸ਼ ਫੇਰ ਦੇਂ ਭਗਵਾਨ ਦਾਸ
ਕੇਸਰ ਕਿਆਰੀ ਹਥੀਂ ਆਪਣੀ ਉਜਾੜਦਾਂ ॥
॥੨੬੯। ਕਬਿਤ ॥
ਹੋਇਕੇ ਬੇਬਸਾ ਮਨ ਫਿਰਦਾ ਹੈ ਵਾਂਹੀਯਾਤ
ਕਾਰਜ ਕਸੂਰ ਹੁਣ ਬਾਗਾਂ ਨੂੰ ਨਾ ਮੋੜਦਾਂ ॥
ਗਾਡੀ ਰਾਹੁ ਛਡਕੇ ਤੂੰ ਔਝੜ ਅੜਿਕਿਆਂ ਮੇਂ
ਹੋਵੰਦਾ ਖੁਆਰੁ ਖੈਰ ਆਪਣੀ ਨਾ ਲੋੜਦਾਂ ॥
ਪਾਣੀ ਬੇ ਅਥਾਹ ਬਿਚੋਂ ਬੰਨੇ ਆਣ ਲਗਾ ਹੋਇਆ
ਬੇੜਾ ਹੁਣ ਧਕ ਕੇ ਤੂੰ ਆਪ ਫੇਰ ਰੋੜਦਾਂ ॥
ਐਸਾ ਹੈਂ ਬੇ ਸਮਝ ਨਦਾਨ ਭਗਵਾਨ ਦਾਸ
ਪੱਥਰ ਦੇ ਨਾਲ ਮਾਰ ਸ਼ੀਸ਼ਾ ਹਥੀਂ ਤੋੜਦਾਂ ॥
॥੨੭੦॥ ਕਬਿਤ ॥
ਕਰੇਂ ਅਵੱਲਛ ਫਿਰੇਂ ਲੱਦਿਆ ਮਜ਼ਾਜ ਦਾ ਹੀ
ਐਸਾ ਤੂੰ ਕੁਲੱਛਣਾ ਨਾ ਮੁੜਦਾ ਹੈਂ ਮੋੜਿਆ ॥
ਮਾਰ ਕੇ ਗੁਲੇਲਾ ਹਥੁ ਆਪਣਾ ਹੀ ਭੰਨ ਲਿਆ
ਬਿਨਾ ਉਸਤਾਦ ਤੇ ਨਸ਼ਾਨਾਂ ਐਸਾ ਜੋੜਿਆ ॥
ਇਤਨਾ ਅਜਾਬ ਤਾਂਹੀ ਪਾਇਆ ਹੈ ਸਰੀਰ ਕਰ
ਮੂਰਖ ਨਾ ਸੰਗੁ ਜੇ ਤੈਂ ਆਰਫਾਂ ਦਾ ਲੋੜਿਆ ॥
ਕਿਸੇ ਦਾ ਕੀ ਗਿਆ ਕਹੁ ਨਦਾਂਨ ਭਗਵਾਂਨ ਦਾਸ
ਆਪਣਾ ਹੀ ਆਪ ਵਾਂਗ ਨਿੰਬੂ ਦੇ ਨਚੋੜਿਆ ॥
॥੨੭੧॥ ਕਬਿਤ ॥
ਸੁਫਨੇ ਦਾ ਰੰਗੁ ਸਚੁ ਮੰਨਨਾ ਗਵਾਰ ਬੈਠੁ
ਸੁਫਨੇ ਦੀ ਕਾਰ ਯਾਰ ਆਖਰ ਨਬੂਦਗੀ ॥

ਕੂੜ ਦਾ ਬਿਹਾਰ ਕੁਲ ਹੋਇਕੇ ਫਨਾਹ
ਇਹ ਖਾਕ ਮੇਂ ਸਮਾਇ ਜਾਊ ਖਾਕ ਦੀ ਵਜੂਦਗੀ ॥
ਕਾਲ ਦਾ ਗ੍ਰਾਸ ਕਾਇਆਂ ਸੁੰਦ੍ਰ ਸਰੂਪ ਜਬ
ਭੁਲਕੇ ਨਦਾਨ ਕਰੇਂ ਕੰਮ ਕਿਉਂ ਅਲੂਦਗੀ ॥
ਹੋਹ ਹੁਸ਼ਿਆਰ ਅਬ ਜਾਗ ਭਗਵਾਨ ਦਾਸ
ਸਚ ਨੂੰ ਸਮਾਲ ਕਚੁ ਛਡਦੇ ਬੇਹੂਦਗੀ ॥

॥੨੭੨॥ ਕਬਿਤ ॥

ਗਾਫਲੀ ਦਾ ਪੱਲਾ ਚੱਕੁ ਭੁਲ ਨਾ ਨਦਾਂਨ ਅਬ
ਹੋਸ਼ ਕਰ ਦੇਖ ਆਦ ਕੀ ਹੈ ਤੇਰੀ ਜਦ ਓਇ ॥
ਦਿਲ ਦੀ ਨਿਗਾਹ ਖੋਲੁ ਅਸਲੀ ਸਰੂਪ ਦੇਖੁ
ਸੁਧ ਹੈ ਬ੍ਰਹਮ ਯਾਰ ਹੱਦ ਤੇ ਬੇਹੱਦ ਓਇ ॥
ਦ੍ਵੈਤ ਕੋ ਉਠਾਇ ਰੋਕ ਬਾਸ਼ਨਾ ਹਿਸਾਬ ਲਾਇ
ਸੁਧ ਮੇਂ ਸਮਾਇ ਕਾਰ ਜੀਵ ਵਾਲੀ ਰਦ ਓਇ ॥
ਪੂਰਨ ਬ੍ਰਹਮ ਹੋਇ ਜਾਏਂ ਭਗਵਾਂਨ ਦਾਸ
ਭੰਨ ਕਰ ਹਿਰਸ ਹਵਾਇ ਵਾਲੀ ਹੱਦ ਓਇ ॥

॥੨੭੩॥ ਕਬਿਤ ॥

ਸੋਇਆਂ ਜੁਗ ਬੀਤ ਗਏ ਅਬ ਤੂੰ ਨਦਾਂਨ ਜਾਗ
ਅੱਖੀਆਂ ਉਘਾੜ ਦੇਖੁ ਬਾਜੀ ਤੇਰੀ ਹਾਰਦੀ ॥
ਖੁਦੀ ਨੂੰ ਗਵਾਇ ਖੁਦ ਰੂਪ ਦੀ ਬਚਾਰ ਕਰ
ਖੋਜ ਲੈ ਟਕਾਉ ਏਕ ਗਲ ਹੈ ਹਜ਼ਾਰ ਦੀ ॥
ਦਿਲ ਤੇ ਦਮਾਗ ਦੀ ਦਰੁਸਤੀ ਦੇ ਨਾਲ ਯਾਰ
ਬਗਲ ਮੇਂ ਸੂਰਤ ਪਛਾਣ ਦਿਲਦਾਰ ਦੀ ॥

ਹੋਇ ਨਿਰਬੰਧ ਤੂੰ ਨਦਾਂਨ ਭਗਵਾਂਨ ਦਾਸ
ਦੇਖ ਲੈ ਬਹਾਰ ਦਰਵੇਸ਼ ਗੁਲਜ਼ਾਰ ਦੀ ॥
॥੨੭੪॥ ਕਬਿਤ ॥
ਸਮਝ ਸਫਾਈ ਕਿਸੇ ਤੌਰ ਹੀ ਤਰੀਕਾ ਫੜੁ
ਹੋਇ ਕੇ ਅਲੇਲ ਨਾਂ ਤੁਫਾਂਨੀ ਹੁਣ ਖੇਲ ਤੂੰ ॥
ਜੂਏ ਮਿਠੀ ਗਾਰ ਬਿਚੋਂ ਭੱਜਣਾ ਸਲਾਹ ਨੇਕ
ਫਸ ਬੈਹਣਾ ਜਾਣ ਲੈ ਚੁਰਾਸੀ ਦੀ ਨਕੇਲ ਤੂੰ ॥
ਵਾਸਤੇ ਟਕਾਉ ਹੋਰੁ ਪਰਚਾ ਬਕੀਮਤੀ ਹੈ ਮਨ ਚਿਤ ਬੁਧ ਦੰਮ ਇਕੁ ਕਰ ਮੇਲ ਤੂੰ ॥ ਅਤਰ ਧਿਆਂਨ ਹੋਹ ਨਦਾਂਨ ਭਗਵਾਂਨ ਦਾਸ ਪਾਏਂਗਾ ਅਰਾਮ ਕਟ ਬਾਸ਼ਨਾ ਦੀ ਬੇਲ ਤੂੰ ॥੨੭੫॥ ਅਸਰ ਇਲਾਜ ਕਰੁ ਜਖਣਾ ਕਿਉਂ ਮਾਰੀ ਗਈ ਅਰਸ਼ੋਂ ਬੁਲਾਇ ਜੋ ਅਚੇਤ ਆਣ ਦਬਦੀ ॥ ਐਸੀ ਬਲਵਾਂਨ ਨਹੀਂ ਦੁਨੀਆਂ ਮੇਂ ਹੋਰ ਚੀਜ਼ ਆਂਮ ਦੀ ਹੀ ਅਕਲ ਭੁਲਾਇ ਦੇਵੇ ਸਭ ਦੀ ॥ ਉਪਰ ਸਰੂਪ ਆਣ ਛਾਏ ਐਸਾ ਮਹਾਂ ਜਾਲ ਚੱਕਿਆ ਨਾ ਜਾਏ ਹੈ ਰਜਾਇ ਡਾਢੇ ਰਬਦੀ ॥ ਜਤਨ ਦੇ ਬਿਚਰਖ ਸ਼ੌਕ ਭਗਵਾਂਨ ਦਾਸ ਹਟੇਗੀ ਜ਼ਰੂਰ ਇਹ ਬਮਾਰੀ ਤੇਰੀ ਝਬਦੀ ॥੨੭੬॥ ਏਕਤਾ ਕੋ ਜਾਣ ਯਾਰ ਬਾਂਵਰਾ ਨਾ ਹੋਇ ਰਹੁ ਦੂਈ ਕੋ ਉਠਾਇ ਦਿਲ-ਗੀਰੀ ਖੋ ਸਰੀਰ ਦੀ ॥ ਏਕਤਾਦੇਸੁਖ ਜਿਹਾ ਸੁਖਨਹੀਂਦੇਵਲੋਕ ਜਾਇ ਨਾਂ ਨਦਾਂਨ ਚਤਰਾਈ ਤਦਬੀਰਦੀ॥ ਨਾਮ ਰੂਪ ਲੰਘਕੇ ਮਕਾਂਨ ਫੇਰ ਏਕਤਾ ਦਾ ਤਹਾਂ ਹੈ ਨਗਾਹਿ ਕਿਸੇ ਕਾਮਲ ਫਕੀਰ ਦੀ ॥ ਫੁਰਨੇਂ ਤਿਆਗ ਹੋਹ ਅਫੁਰ ਭਗਵਾਂਨ ਦਾਸ ਕਹਣੀ ਇਹ ਕਲਾਮ ਨਿਰਪਖ ਗੁਰੁ ਪੀਰ ਦੀ ॥੨੭੭। ਸੁਰਾਂ ਕੁ ਸੁਮਾਲ ਕਰ ਸੁਰਤੀ ਲਗਾਇ ਯਾਰ ਸਾਂਈ ਮੇਂ ਸਮਾਂਇ ਕਰ ਪੂੰਜੀ ਤੇਰੀ ਬਚਦੀ॥ ਸਮਝ ਨਦਾਂਨ ਇਹ ਹਿੰਮਤ ਹਸਾਬ ਬਾਝ ਵਾਸ਼ਨਾ ਬੇ ਕੈਦ ਬਾਂਗ ਬਾਂਦਰ ਦੇ ਨਚਦੀ ॥

ਰੂਹ ਦਾ ਟਕਾਉ ਨਹੀਂ ਹੋਵੰਦਾ ਹੈ ਜਬ ਲਗ ਪਾਵਨਾ ਅਜਾਬੁ ਦੇਹ ਧਾਰ ਧਾਰ ਕਰਦੀ ॥ ਕਰ ਲੈ ਉਪਾਉ ਰੋਗੁ ਮਿਟੇ ਭਗਵਾਂਨਦਾਸ ਦੇਹਦਾ ਕਲੰਕ ਭਾਰਾ ਗਲ ਏਹੁ ਸਚਦੀ ॥੨੭੮॥ ਜ਼ਿੰਦਗੀ ਫਨਾਹ ਨਹੀਂ ਦੰਮ ਦਾ ਬਸਾਹੁ ਕੋਈ ਜਾਣਕੇ ਬੇਹੋਸ਼ ਕੂੜੀ ਫਾਹੀ ਬਿਚ ਫਸਦਾਂ ॥ ਲਾਲਸਾ ਦੀ ਗੰਢ ਵਿਚ ਦਿਲ ਦੇ ਛਪਾਇ ਕਰ ਬਣ ਦਰਵੇਸ਼ ਬੋਲ ਆਰਫਾਂ ਦੇ ਦਸਦਾਂ ॥ ਪਿਆ ਉਰਝਾਇ ਭਾਰਾ ਸੂਖਮ ਖਿਆਲ ਵਿਚ ਵਾਸ਼ਨਾਂ ਦੀ ਤਾਰ ਬਾਂਗੁ ਮਕੜੀ ਦੇ ਕਸਦਾਂ ॥ ਬੇੜਾ ਤੇਰਾ ਡੁਬਦਾ ਨਦਾਂਨ ਭਗਵਾਂਨ ਦਾਸ ਆਪ ਨੂੰ ਸਮਾਲ ਲੈ ਕਿਉਂ ਕੰਢੇ ਖੜਾ ਹਸਦਾਂ ॥੨੭੯॥ ਜਾਗ ਪਉ ਸੁਤਿਆ ਮੁਸਾਫਰਾ ਤੂੰ ਹੋਸ਼ ਫੜੁ ਕਾਲ ਦਾ ਤੁਮਾਚਾ ਹੁਣ ਨੇੜੇ ਆਇਆ ਸੂਕਦਾ ॥ ਗਾਫਲੀ ਦੀ ਨੀਂਦ ਵਿਚ ਪੈਰ ਕਿਉਂ ਪਸਾਰ ਪਿਆਂ ਮੌਤ ਦਾ ਨਗਾਰਾ ਤੇਰੇ ਸਿਰਿ ਪੁਰ ਕੂਕਦਾ ॥ ਆਲਸ ਤਿਆਗ ਕਰ ਅਖੀਆਂ ਉਘਾੜ ਦੇਖੁ ਕਰੇ ਕੀ ਹੁਵਾਲੁ ਕਾਲੁ ਇਸ ਮਖਲੂਕ ਦਾ ॥ ਨੇਕੀ ਤੂੰ ਕਮਾਇ ਲੈ ਨਦਾਂਨ ਭਗਵਾਂਨਦਾਸ ਦਾ ਮੇਲਾ ਚੰਦ ਰੋਜ਼ ਦਾ ਬਸਾਹੁ ਨਹੀਂ ਫੂਕਦਾ ॥੨੮੦॥ ਬੇਲਾ ਆਖਰੀ ਨਿਹਾਰ ਕਰੋ ਮੰਨ ਮੇਂ ਬਿਚਾਰ ਯਾਰ ਜਗਦੀ ਬਹਾਰ ਜਿਵੇਂ ਸੁਫਨੇ ਦਾ ਮੇਲੜਾ ॥ ਵਖਤ ਸਮਾਲ ਤੇ ਲਗਾਉ ਲਿਵ ਆਤਮਾਂ ਮੇਂ ਜਨਮ ਇਹ ਮਾਨਸ ਤਾਂ ਹੋਵੇਗਾ ਸੁਹੇਲੜਾ ॥ ਦਾਉ ਲਾਇ ਲੈ ਜੇ ਲਗਦਾ ਖਡਾਰੀਆ ਹੈ ਨੇਕ ਸੈਂਤ ਆਉਗਾ ਨਾ ਹਥ ਇਹ ਬਤੀਤ ਹੋਇਆ ਵੇਲੜਾ ॥ ਕਿਉਂ ਸੋਇਆਂ ਗਲਤਾਂਨ ਹੋਇ ਨਦਾਂਨ ਭਗਵਾਂਨ ਦਾਸ ਹੋਹ ਹੁਸ਼ਿਆਰ ਲਕੁ ਬੰਨ ਕੇ ਸਵੇਲੜਾ ॥੨੮੧॥ ਜਾਣ ਸਰਵੱਗ ਪਰਮਾਤਮਾ ਨਾ ਭੰਗੁ ਕਹੀਂ ਕਹਿੰਦੇ ਦਰਵੇਸ਼ ਵਿਚ ਹਰ ਹਰ ਅੰਗਦੇ ॥ ਆਤਮ ਬਿਚਾਰ ਤੇ ਸੰਰੂਪ ਵਿਖੇ ਲੀਨ ਹੋਇ ਰਹਣਾ ਨਿਰਲੇਪ ਬਿਚ ਹਰਿ ਹਰਿ ਰੰਗ ਦੇ ॥ ਦੇਹੀ ਏਹੁ ਕਚੁ ਸਚੁ ਜਾਣੁ ਪ੍ਰਮਾਤਮਾ ਨੂੰ ਰਵਿਆ ਬ੍ਰਹਮ ਇਕੁ ਵਿਚ ਸਰ

ਬੰਗਦੇ ॥ ਕਿਉਂ ਹੋਇਆਂ ਗਲਤਾਂਨ ਤੂੰ ਨਦਾਂਨ ਭਗਵਾਂਨ ਦਾਸ ਜਗ ਦੀ ਬਹਾਰ ਜਿਵੇਂ ਜਾਤਰੂ ਹੈਂ ਗੰਗ ਦੇ ॥੨੮੨॥ ਉਤਮ ਸਰੀਰ ਇਹ ਆਦਮੀ ਦਾ ਬੰਦਗੀ ਨੂੰ ਸਮਝ ਅਪੁਠੀ ਕਰੇ ਕਾਰ ਕਿਉ ਨਕਮੜੀ ॥ ਦੇਹਦਾ ਬਿਹਾਰੁ ਹੋਰੁ ਜੀਵਾਂ ਦੇ ਸਮਾਂਨ ਸਾਂਗ ਤੇਰੀ ਕੀ ਬਸ਼ੇਸ਼ਤਾ ਦਲੀਲ ਲਾਉ ਲੰਬੜੀ ॥ ਸਮਝ ਬਬੇਕ ਤੇ ਬਰਾਗ ਫੜ ਬਿਜ਼ਆਂ ਤੇ ਖੋਂਹਦੀ ਖੁਰਾਕ ਇਹ ਬਕਾਰ ਵਾਲੀਚਮੜੀ ॥ ਹੋਇਆਂਗੁੰਮਰਹਿਹੈਨਦਾਂਨ ਭਗਵਾਨ ਦਾਸ ਪੈਣ ਜਾਂਕਸੀਦੇ ਤਦੋਂਜਾਦ ਕਰੇਂਅੰਮੜੀ ॥੨੮੩॥ਦੇਖਕੇ ਅਚੰਭਾ ਐਸਾ ਹੋਇਆ ਪਰੇਸ਼ਾਨ ਦਿਲ ਉਲਟੀ ਅਜੋਗ ਇਕ ਦੁਨੀਆਂ ਦੀ ਗਲ ਹੀ ॥ ਭੇਡ ਚਾਲ ਵਾਂਗ ਇਕ ਦੂਸਰੇ ਦੇ ਪਿਛੇ ਲਗ ਜਪਦੇ ਹੈਂ ਰਾਮੁ ਪਰੁ ਜਾਣ ਲਿਆ ਅਲ ਹੀ ॥ ਚੰਚਲ ਸੁਭਾਉ ਕਰ ਚਿਤ ਨੂੰ ਨਾ ਚੈਨ ਪਲ ਰਾਮ ਕੈਸੇ ਹੋਇ ਜਬ ਆਪਨਾਂ ਅਚਲ ਹੀ ॥ ਸਚੁਤਬਜਾਣੀਏ ਨਦਾਂਨ ਭਗਵਾਂਨ ਦਾਸ ਰੋਮ ਰੋਮ ਰਚ ਜਾਏ ਬਿਸਰੇਨਾਪਲਹੀ ॥੨੮੪॥ ਮਨ ਕਰ ਪਿੰਗਲ ਨਾਂ ਭਰਮ ਖੁਆਰ ਹੋਹੁ ਕਾਦਰ ਕਰੀਮ ਜਾਣੁ ਅੰਦਰੇ ਰਹੀਮ ਤੂੰ ॥ ਖੋਜ ਨਹੀਂ ਦੇਖਦਾ ਹੈਂ ਜਬ ਲਗ ਆਪ ਤਾਂਈ ਭਰਮ ਨਾ ਜਾਏ ਭਮੇਂ ਸਤ ਅਕਲੀਮ ਤੂੰ ॥ ਸਚੁ ਕਰੁ ਸਹੀ ਰੀਸ ਬਣਜੁਬਸਾਰਦੇਹ ਕੁਲ ਪ੍ਰਕਾਸ਼ਕ ਕੋ ਕਰ ਤਸਲੀਮ ਤੂੰ ॥ ਸਰਬ ਹੀ ਕਲਾ ਸਮਰਥ ਭਗਵਾਂਨ ਦਾਸ ਰੋਗ ਨੂੰ ਗਵਾਉ ਆਪ ਅਪਣਾ ਹਕੀਮ ਤੂੰ ॥੨੮੫॥ ਨਰ ਤੇ ਨਾਰਾਇਣ ਵਿਚ ਭੇਦ ਨਾ ਸੀ ਤਿਲ ਭਰ ਹੋਇਆ ਬੇਸ਼ੁਮਾਰ ਨਹੀਂ ਜਾਂਣਿਆ ਜਾਂ ਬੈਲ ਤੂੰ ॥ ਪੇਚ ਦਰ ਪੇਚ ਬਿਚ ਅੰਗ ਅੰਗ ਪੂਰਨ ਹੈਂ ਚੱਕੀ ਫਿਰੇਂ ਚੰਚਲ ਮਨੋਰਥਾਂ ਦੀ ਮੈਲ ਤੂੰ ॥ ਢਾਈਆ ਤੇ ਚੁਰਾਈਆ ਨਹੀਂ ਸਾਢ ਸਤੀ ਹੋਗਿ ਸਿਰ ਭਾਰਾ ਇਹੁ ਗ੍ਰਹੁ ਨਹੀਂ ਚਲੇਂ ਸੀਧੀ ਗੈਲ ਤੂੰ ॥ ਮੁਦਤਾਂ ਦਾ ਭੁਲਾ ਹੋਇਆਂ ਜੀਵ ਭਗਵਾਂਨ ਦਾਸ ਮਦ ਨੂੰ ਬਸਾਰ ਮਤ ਸਮਝ ਲੈ ਛੈਲ ਤੂੰ ॥੨੮੬॥

ਕਾਰਨ ਦਰਿਸ ਗਿਆ ਸਿਖਾ ਮੇ ਪਤੰਗ ਜਲ ਭੌਰੁ ਬੰਦ ਕਾਰਨ ਸੁਗੰਧਤਾ ਦੇ ਰਸਦੀ ॥ ਕੰਨ ਰਸ ਗਿਆ ਮਰ ਮਿਰਗ ਸੁਗੰਧਦਾਰ ਜਿਹਬਾ ਰਸ ਮੀਨ ਬਿਚ ਕੁੰਡੀ ਦੇ ਆ ਫਸਦੀ ॥ ਭੋਗ ਰਸ ਹਸਤੀ *ਸਹਾਰ ਦਾ ਹੈ ਊਂਡਾ ਸਿਰ ਜਤਨ ਬਗੈਰ ਏਕ ਏਕ ਨੂੰ ਗਰਸ ਦੀ ॥* ਕਰੋਂ ਨਾ ਬਚਾਰ ਜੇ ਨਦਾਂਨ ਭਗਵਾਨ ਦਾਸ ਤੇਰਾ ਕੀ ਹਵਾਲ ਪੰਜ ਧਾਂਤ ਵਿਚ ਬਸਦੀ ॥੨੮੭॥ ਨਾਰ ਕੀ ਪਰੀਤ ਜਨ ਬੰਦਗੀਬਸਾਰ ਦੇਤ ਭਾਰੀ ਹੈ ਕਲੰਕ ਦਰਆਵਾਂ ਨੂੰ ਬਰੇਤੀਆਂ ॥ ਰੇਸ਼ਮਾਂ ਨੂੰ ਲੋਹਾ ਜਿਹਾ ਫਕਰਾਂ ਨੂੰਐਬ ਤੇਹਾ ਕਲਰਾ ਜਮੀਨ ਜਿਉਂ ਕਲੰਕ ਭਇਆ ਖੇਤੀਆਂ ॥ ਪਾਣੀਆਂ ਨੂੰ ਬੂਰ ਜਿਵੇਂ ਮਾਨਸਾਂ ਵਿਸੂਰ ਤਿਵੇਂ ਭਾਰੀ ਹੈ ਕਲੰਕ ਲਾਲ ਚੰਦਨਾਂ ਨੂੰ ਰੇਤੀਆਂ ॥ ਰਾਹੁ ਕੇਤ ਜਿਵੇਂ ਚੰਦ ਸੂਰ ਭਗਵਾਨ ਦਾਸ ਤਿਵੇਂ ਹੀ ਕਲੰਕ ਜਾਣੋ ਨਾਰ ਦਿਆਂ ਹੇਤੀਆਂ ॥੨੮੮॥ ਪੈਸੇ ਬਿਨਾ ਰਾਜ ਨਹੀਂ ਪੈਸੇ ਬਿਨਾ ਸਾਜ ਨਹੀਂ ਪੈਸੇ ਬਿਨਾ ਕਾਜ ਨਹੀਂ ਪੈਸੇ ਬਿਨਾ ਝਾਕ ਹੈ ॥ ਪੈਸੇ ਬਿਨਾਂ ਹਾਰ ਨਹੀਂ ਪੈਸੇ ਬਿਨਾਂ ਨਾਰ ਨਹੀਂ ਪੈਸੇ ਬਿਨਾਂ ਯਾਰ ਨਹੀਂ ਪੈਸੇ ਬਿਨਾਂ ਚਾਕ ਹੈ ॥ ਪੈਸੇ ਬਿਨਾਂ ਪੂਤੁ ਨਹੀਂ ਪੈਸੇ ਬਿਨਾਂ ਦੂਤੁ ਨਹੀਂ ਪੈਸੇ ਬਿਨਾਂ ਕਰਤੂਤ ਨਹੀਂ ਪੈਸੇ ਬਿਨਾਂ ਖਾਕ ਹੈ ॥ ਕਹੇ ਭਗਵਾਂਨ ਦਾਸ ਪੈਸੇ ਖਿਨਾਂ ਔਰ ਨਾ ਫਕੀਰ ਦਰਿਵੇਸ ਇਕ ਪੈਸੇ ਬਿਨਾਂ ਪਾਕ ਹੈ ॥੨੮੯॥ ਹੋਵਣ ਫਕੀਰ ਖੋਲ ਅਟਕ ਜੰਜੀਰ ਸਿਰ ਮੰਨ ਤਕਦੀਰ ਪੀਣ ਜਹਰ ਪਿਆਲੜੀ ॥ ਰੈਹਣ ਨਰਾਸ ਇਹ ਜਾਣ ਕੇ ਸਰੀਰ ਨਾਸ ਆਪਨੂੰ ਬਚਾਰ ਕੂੜਤਜ ਦੇਣਚਾਲੜੀ ॥ ਦੇਖ ਗੁਲਜਾਰ ਦਿਲਿ ਗਏ ਹੈਂ ਸਰੂਪ ਮਿਲਿ ਏਕਤਾ ਮਕਾਨ ਵਿਖੇ ਪਹੁੰਚੇ ਨਹੀਂ ਗਾਲੜੀ ॥ ਦਰਜਾ ਫਕੀਰੀ ਦਾਹੈ ਦੂਰ ਭਗਵਾਨ ਦਾਸ ਸਮਝ ਲੈ ਉਮਰ ਨਦਾਨ ਅਜੇ ਬਾਲੜੀ ॥੨੯੦॥ ਸਿਰ ਦਿਤੇ ਲਭਦੀਮੁਹਾਲ ਚਾਲਫਕਰਾਂ ਦੀ ਸੋਖੀ ਨਹੀਂ ਜਾਣ ਬਾਜੀ ਹੋਵਣ ਸ਼ਹੀਦ ਦੀ ॥ ਜੀਵੰਦੇ ਹੀ ਜੀ ਵਿਚ

ਜਾਨ ਵਲੋਂ ਹਥ ਧੋਣ ਬਣਿਆ ਨਦਾਂਨ ਗਲ ਜਾਣਕੇ ਸੁਨੀਦ ਦੀ ॥ ਸੁਣੇ ਹੋਏ ਸੁਖਨ ਸਹੰਸ ਕਹੇ ਮੂਹ ਤੇ ਜੇ ਕੁਝ ਪ੍ਰਤੀਤ ਨਹੀਂ ਅਮਲ ਪਲੀਦ ਦੀ ॥ ਧੋਖੇ ਬਾਜੁ ਹੋਇ ਬੈਠਾ ਪੀਰ ਭਗਵਾਂਨ ਦਾਸ ਖਲਾ ਮਾਰੁ ਖੋਲਕੇ ਨਾ ਖਬਰ ਮੁਰੀਦ ਦੀ ॥੨੯੧॥ ਚਜ ਨਾ ਅਚਾਰ ਗਿਆ ਫਕਰ ਸਬੂਤ ਬਣ ਭੇਸ ਪਲਟਾਇ ਲਿਆ ਕਾਰ ਹੈ ਸ਼ੈਤਾਨ ਦੀ ॥ ਚੰਚਲ ਸੁਭਾਉ ਕਰ ਚਿਤ ਹੈ ਚਲਾਇ ਮਾਨੁ ਸੁਰਤੀ ਪੁਕਾਰੇ ਮੂਹੋਂ ਬੇਦ ਔ ਪਰਾਂਨ ਦੀ ॥ ਮਾਇਆ ਮਦ ਵਿਸ਼ੇ ਭੋਗ ਛਿਦਰ ਹਜ਼ਾਰ ਬਿਚ ਫੇਰ ਕਹੇ ਸਾਧ ਦੇਖੋ ਗਲ ਇਹ ਹਰਾਂਨ ਦੀ ॥ ਛਿਤਰਾਂ ਦੀ ਮਾਰ ਇਹ ਨਦਾਨ ਭਗਵਾਨ ਦਾਸ ਗੁਜਰ ਖਰਾਬ ਪਰਤੀਤ ਨਾ ਧਿਆਨ ਦੀ ॥੨੯੨॥ ਹੋਇ ਕਰ ਸਾਧੁ ਨਫਾ ਖੱਟਿਆ ਪਖੰਡੀਆ ਕੀ ਖੁਲਿਆ ਨਾ ਪੇਚੁ ਪ੍ਰਬ੍ਰਿਤ ਜੰਜੀਰ ਦਾ ॥ ਗ੍ਰਿਹਸਤੀਆਂ ਨਾਲੋਂ ਜੁਦਾ ਗੇਰੂ ਨਹੀਂ ਅਮਲਾਂ ਦਾ ਸਾਂਗੁ ਬਦਲਾਇ ਬੈਠਾਂ ਹੋਰੁ ਕਿਉਂ ਸਰੀਰ ਦਾ ॥ ਫੁਰਨੇ ਤੇ ਬਾਸ਼ਨਾਂ ਉਡਾਈ ਨਾ ਬਰੂਦ ਵਾਂਗੁ ਦਰਜਾ ਦਲਿਦਰੀ ਕਿਉਂ ਮੰਨਿਆ ਹੈ ਪੀਰਦਾ ॥ ਮੂਹੋਂ ਕਹਿ ਆਖਣਾ ਸੁਖਾਲਾ ਭਗਵਾਨ ਦਾਸ ਪਾਇਆ ਨਹੀਂ ਜਾਏ ਆਲੀ ਮਗਜ ਫਕੀਰਦਾ ॥੨੯੩॥ ਭੇਖੁ ਬਦਲਾਇਆਂ ਨਹੀਂ ਸਬਰੁ ਸੁਫਾਈ ਵਿਚ ਜਨਮੁ ਗਵਾਇਆ ਤੈਂ ਬਛੇਨਾ ਚੱਕ ਰੋਗਦਾ ॥ ਆਸਾ ਤੇ ਤ੍ਰਿਸ਼ਨਾ ਜਾਂ ਦਿਲ ਵਿਚ ਬਹੇ ਮਲ ਖਾਵਣਾ ਹਰਾਮ ਤੁਧ ਮੰਗਵਾਲੀ ਚੋਗਦਾ ॥ ਦੇਹ ਦੀ ਬਣਾਵਟ ਸੁਖਾਲੀ ਇਹੁ ਬਨਾਇ ਲੈਣੁ ਕਠਣ ਕਮਾਵਣਾ ਹੈ ਸਚ ਵਾਲੇ ਜੋਗਦਾ ॥ ਚਾਲਾ ਇਹੁ ਬਿਖੜਾ ਨਦਾਂਨ ਭਗਵਾਂਨ ਦਾਸ ਜਾਨਣਾ ਸਮਾਂਨ ਇਕ ਹਰਖ ਤੇ ਸੋਗਦਾ ॥੨੯੪॥ ਰੂਪੁ ਪਲਟਾਇਆ ਹੈ ਮੁਹਿਮਾਂਦਾ ਭੇਖਕਰ ਪੜਦਾਂਪੁਰਾਨਅਤੇ ਫੋਲਰਿਹਾਂਪਤ੍ਰੀ ॥ ਮਾਂਣਵਡਿਆਈ ਗੁਝੀ ਘਾਤ ਵਿਚ ਫਸਿਆ ਹੈਂ ਬਚਨ ਬਚਾਰੁ ਗਈ ਬੁਧ ਕਿਉਂ ਬਹੱਤ੍ਰੀ

ਇਸ ਬਿਧਿ ਫਸੇਂਗਾ ਚੁਰਾਸੀ ਵਾਲੀ ਫਾਹੀ ਫੇਰ ਬਾਸਨਾ ਬ੍ਰਹਮ ਨਹੀਂ ਕਰਤ ਇਕਤ੍ਰੀ ॥ ਬਲੁ ਨਹੀ ਖੁਲਦਾ ਜਾਂ ਦਿਲੋਂ ਦਾਸ ਭਗਵਾਨ ਦਾਸ ਕਰਮ ਕਰੋੜਿ ਨਾਂ ਹਟਾਏਂਗਾ ਭਵਤ੍ਰੀ ॥੨੯੫॥ ਬਿਸ਼ੇ ਭੋਗ ਕੁਤੇ ਬਿਲੇ ਕਰਦੇ ਹੈਂ ਜੀਵ ਸਾਰੇ ਬੰਦਗੀ ਬਚਾਰੁ ਇਹੁ ਮਨੁਖ ਦੀ ਗਨੀਮਤੀ ॥ ਮਾਇਆ ਉਚੀ ਜਾਣ ਨੇਹੁ ਕਰਦਾ ਗਰੇਹੀ ਲੋਕ ਚਮੜੀ ਤੇ ਦੰਮੜੀ ਨੂੰ ਜਾਣ ਸਾਧਨੀਮਤੀ ॥ ਮਾਨਸ ਦੁਐਤ ਢਾਲੀ ਅਟਕ ਨੂੰ ਦੂਰ ਕਰ ਏਕ ਰੂਪ ਜਾਣ ਰਸੁ ਛਡਦੇ ਤ੍ਰੀਮਤੀ ॥ ਚਿੜੀਆਂ ਦੇ ਖੇਤੁ ਨਾ ਲੁਟਾਉ ਭਗਵਾਨ ਦਾਸ ਫੇਰ ਨਹੀਂ ਮਿਲੂਗੀ ਇਹੁ ਜਿਨਸ ਬਕੀਮਤੀ ॥੨੯੬॥ ਆਪ ਕੋ ਨਿਵਾਰ ਰੂਪ ਆਪਣਾ ਨਿਹਾਰ ਕਰ ਬੋਲਦੀ ਬਚਾਰ ਦੇਖ ਸਚ ਦੇ ਸਵਾਦ ਨੂੰ ॥ ਕਰੀਂ ਤਹਾਂ ਤੂੰ ਨਿਵਾਸੁ ਨਹੀਂ ਰਤੀਵਿਸ਼ਵਾਸੁ ਜਹਾਂ ਸੀਸ ਨੂੰ ਕਟਾਇ ਕਾਂਨੀ ਪਹੁਚੀ ਹੈ ਮੁਰਾਦ ਨੂੰ ॥ ਆਪਾ ਭਾਵ ਨੂੰ ਵਿਸਾਰ ਸਾਰ ਸਾਰਹੀ ਮੇਸਾਰ ਸਾਰ ਪੂਰਨ ਹੈ ਆਸ ਤਜ ਆਸ ਦੇ ਫਸਾਦ ਨੂੰ ॥ ਜੀਵਤ ਹੀ ਮਰਹੋਹ ਅਮਰ ਭਗਵਾਨ ਦਾਸ ਤਜਕੇ ਤਰੀਕ ਠੀਕ ਮਿਲੇ ਜਾ ਅਨਾਦ ਨੂੰ ॥੨੯੭॥ ਮਰਤਬਾ ਅਸਲ ਫਕੀਰੀ ਨਾ ਨਦਾਂਨ ਚਾਹੇਂ ਮਜਲਸ ਪਾਂਚੋ ਕੀ ਮਨੋਹਰ ਮਿਟਾਇਦੇ ॥ ਅਸਲਾ ਪਛਾਨੁ ਕੁਲ ਭਰਮ ਜੰਜੀਰ ਤੋੜ ਤ੍ਰਿਸਨਾ ਦਾ ਤੀਰ ਬਿਚ ਅਗਨ ਜਲਾਇਦੇ ॥ ਹੋਹੁ ਔਲੀਆ ਇ ਮਾਰੁਦ ਮਕਾਂਨ ਚਾਹ ਹੋਇ ਬਾਸਨਾ ਦੀ ਜੜ ਪਟ ਨਦੀ ਮੇ ਬਹਾਇਦੇ ॥ ਸਾਂਭ ਲੈ ਨਵਿਰਤੀ ਨਦਾਨ ਭਗਵਾਂਨ ਦਾਸ ਰੇਤ ਮੇਂ ਪਸਾਰਾ ਪਰਵਿਰਤ ਰਲਾਇਦੇ ॥ ॥੨੯੮॥ ਮਗਜੁ ਫਕੀਰੀ ਦਾ ਜੇ ਜਾਨਿਆਂ ਪ੍ਰੀਤਮ ਤੈਂ ਹੋਇ ਰਹੁ ਖਮੋਸਨਾ ਬਫੈਦੀ ਪਾਉ ਧੂੰਮ ਤੂੰ ॥ ਸਰਧਾ ਮੰਜੁਗਤ ਜੋ ਤਿਸ ਉਪਦੇਸ ਕਹੁ ਬਿਸਰਧਕ ਪੁਰਸ ਦੇ ਕੋਲ ਹੋਹ ਗੁਮ ਤੂੰ ॥ ਦਿਲ ਤੇ ਕਠੋਰ ਨਹੀਂ ਕੋਮਲ ਬਚਾਰ ਓਰ ਮਾਇਆ ਦਾ ਗੁਲਾਂਮੁ ਹੋਇ ਮਗਰ ਨਾ ਘੁਮ

ਤੂੰ॥ ਸੰਜਮ ਸਫਾਈ ਮੇਂ ਜੋ ਕੇਮ ਭਗਵਾਨ ਦਾਸ ਆਵੇ ਜੇ ਦਲੀਲ ਤਿਸ ਪੈਰ ਭਾਂਮੇ ਚੁੰਮ ਤੂੰ ॥੨੯੯॥ ਦਰਦ ਦਰੇਗ਼ ਤੇਰੇ ਵਾਸ਼ਤੇ ਤਿਆਰ ਫੇਰ ਮਨ ਦੇ ਤਰੰਗ ਕਰ ਰਚ ਬਹੇਂ ਰੰਗ ਜੇ ॥ ਆਪਣੀ ਸਹੇੜ ਕਰ ਸਖਤ ਸਜਾਇ ਸਹੇਂ ਦੇਹੀ ਪਾਏਂ ਫ਼ੇਰ ਕਰੇਂ ਬਿਸਿਆ ਦਾ ਸੰਗ ਜੇ ॥ ਲਾਂਨਤ ਹਜਾਰ ਸਿਰਿ ਭੋਂਦੂਆ ਨਦਾਂਨ ਤੇਰੇ ਬਣਿਆਂ ਫਕੀਰ ਚਾਹੇਂ ਦਰ ਦਰ ਮੰਗ ਜੇ ॥ ਸਾਧ ਸਤੀ ਸੂਰਮਾਂ ਕਿਉਂ ਹੋਏ ਭਗਵਾਨ ਦਾਸ ਦੇਖ ਦਸਤੂਰ ਲੋਕ ਹੋਵਣ ਨਾ ਦੰਗ ਜੇ ।੩੦੦॥ ਹੋਵਣਾ ਫਨਾਹ ਜੀਵ ਸਚ ਪਰਤੀਤ ਕਰ ਖਚਤ ਕਿਉਂ ਹੋਇ ਰਿਹਾਂ ਕੂੜ ਦੇ ਹੁਲਾਸ ਮੇਂ ॥ ਝੂਠ ਇਹੁ ਰਚਨਾ ਬਣਾਵਟ ਤਮਾਂਮ ਜਾਣੁ ਫਸ ਨਾਂ ਨਦਾਂਨ ਬੈਠੁ ਬਿਸ਼ੇ ਵਾਲੀ ਫਾਸ ਮੇਂ ॥ ਰਸ ਲਿਆ ਚਾਹੁਦਾ ਜੇ ਅਮਰ ਅਨੰਦਗੀ ਦਾ ਰੂਹ ਲਲਚਾਇ ਨਾ ਕੁੜੱਕੀ ਦੇ ਗਰਾਸ ਮੇਂ ॥ ਸਮਝ ਲਗਾਇ ਕਰ ਦੇਖ ਭਗਵਾਂਨ ਦਾਸ ਪਰਮ ਅਪਾਰ ਸੁਖ ਹੋਵਣ ਨਰਾਸ ਮੇਂ ॥੩੦੧॥ ਬੇਲਾ ਇਹੁ ਟਕਾਉ ਦਾ ਹੈ ਨਾਮ ਮੇਂ ਨਵਾਸ ਕਰ ਬਖਤ ਬਤੀਤ ਤੇ ਨਾ ਪਾਏਂ ਐਸਾਬੇਲ ਤੂੰ ॥ ਹਥ ਪਟਕਾਵੰਦਾ ਰਹ ਜਾਏਂਗਾ ਨਦਾਂਨ ਫਿਰ ਬਿਸ਼ਿਆਂ ਬਕਾਰਾਂ ਬਿਚਿ ਰਿਹਾਂ ਅਬ ਮੇਲ ਤੂੰ ॥ ਪਾਗਲ ਤੁਫਾਨੀ ਪੁਠੀ ਇਲਤ ਸਹੇੜਦਾ ਹੈਂ ਕੂੜ ਟਕਸਾਲ ਵਾਲੀ ਸਚ ਮੰਨ ਖੇਲ ਤੂੰ ॥ ਹੋਇਆਂ ਮਗਰੂਰ ਬਿਚ ਐਸ ਭਗਵਾਂਨ ਦਾਸ ਡਾਢਾ ਕਰੇਂ ਸੋਰੁ ਜਦੋਂ ਪਵੇਂ ਵਿਚ ਜੇਹਲ ਤੂੰ ॥ ੩੦੨॥ ਮਾਇਆ ਦੇ ਜੰਜਾਲ ਜਾਲ ਅਕਲ ਭੁਲਾਈਐਸੀ ਮਰਮ ਬਸਾਰ ਲਗਾਂ ਮਗਰਸਤਾਂਨ ਤੂੰ ॥ ਕਮਲਿਆ ਰੋਗ ਕਿਉਂ ਬਿਹਾਝਦਾ ਹੈਂ ਜਾਣ ਬੁਝ ਹੋਵੰਦਾ ਫਨਾਹਅਖੀਂਦੇਖਦਾਂ ਜਹਾਂਨਤੂੰ ॥ ਹੱਸ ਰੱਸ ਹੁਣ ਬਿਸ਼ੇ ਬਦੀਆਂ ਬਕਾਰ ਬਿਚ ਜਾਣਕੇ ਸਰੀਰਬਿਰਹੋਇਆ ਗਲ ਤਾਂਨ ਤੂੰ ॥ ਪੈਣਗੇ ਪਵਾੜੇ ਜਦੋਂ ਫੇਰ ਭਗਵਾਂਨ ਦਾਸਧਾਹਾਂਮਾਰ ਰੋਏਂਗਾ ਜਾਂ ਹੋਏਂਗਾ ਵਰਾਨ ਤੂੰ ॥੩੦੩॥ ਪਕੜ ਕਨਾਰਾ ਨ ਬਣਾਵਟ ਦੇ ਵਿਚ

ਆਈਂ ਕਹਣਾਰਹਣਾ ਦੁਨੀਆਂ ਦਾ ਮਿਥਿਆ ਬਿਹਾਰੁ ਹੈ ॥ ਕਈ ਇਉਂ
ਆਂਖਦਾ ਹੈਂ ਹਕ ਇਹੁਦਾਮਾਇ ਬਾਪੁ ਕਈ ਮੂਹੋਂ ਬੋਲ ਰਹੇ ਹੱਕੁਇਹਦਾ
ਨਾਰ ਹੈ ॥ ਆਪਣੇ ਸਰੀਰ ਵਿਚ ਹੱਕੁ ਨਹੀਂ ਸਾਬਤੁ ਜਾਂ ਦੂਸਰੇਮੇਂ ਹੱਕ
ਜਾਣ ਫਸਣਾ ਬਕਾਰ ਹੈ ॥ ਕੂੜ ਬਕਬਾਦ ਹੋਰ ਸਭ ਭਗਵਾਂਨਦਾਸ ਹੱਕੁ
ਸਚੁ ਇਸਦਾ ਬ੍ਰਹਮ ਦੀ ਬਚਾਰ ਹੈ ॥੩੦੪॥ ਆਈ ਨਾਂ ਨਦਾਂਨ ਮਤਿ
ਬਿਸ਼ੇ ਉਨਮਤ ਹੋਇ ਕਰੇਂ ਕਰਤਬ ਤੂੰ ਜਨੌਰ ਜੜ ਪਸਦੇ ॥ ਬੈਠਕੇ
ਕਨਾਰੇ ਬਿਚ ਆਪਣੇ ਹਿਸਾਬਲਾਉ ਬਾਸਨਾਂਦੇ ਮਾਰੇ ਕੁਤੇ ਬਿਲੇ ਕਾਉਂ
ਫਸਦੇ ॥ ਹੋਇਆਂ ਕਿਉਂ ਹੈਰਾਂਨ ਤੇ ਬੇਹੋਸ਼ ਤੂੰ ਖਮੋਸ ਹੁਣ ਮਾਂਣਸ
ਧਰਾਇਆ ਨਾਮੁ ਬਾਧਾ ਕੀ ਹੈ ਦਸਦੇ ॥ ਸੰਜਮ ਸਫਾਈ ਕਰ ਸ਼ਾਂਤ
ਭਗਵਾਂਨ ਦਾਸ ਖੌਂਸੜਾ ਹਜਾਰੁ ਮਾਰੁ ਬਿਸ਼ੇ ਬਾਲੇ ਰਸਦੇ ॥੩੦੫॥
ਲਾਲਸਾ ਦੀ ਲੀਹ ਤੋੜ ਕਾਂਮਨਾ ਨੂੰ ਕਾਠ ਮਾਰੁ ਫਕਰ ਸਬੂਤ
ਬਣੁ ਪਹਰਿਆ ਜੇ ਚੋਲਣਾ ॥ ਹਿਰਸ ਹਵਾਇ ਹੋੜ ਹੱਕ ਮੇਂ ਹਿਸਾਬ
ਲਾਇ ਸਿਦਕ ਸਬੂਰੀ ਓਨਾਂ ਦੰਮੁ ਇਕੁ ਡੋਲਣਾ ॥ ਫੁਰਨੇ ਉਠਾਇ
ਸਭ ਰੁਹ ਦੀ ਰਹੈਸ਼ ਕਰ ਬੈਠਕੇ ਕਨਾਰੇ ਜੁ ਅਸਤਬਲੁ ਖੋਲਣਾ ॥
ਦਿਲੋਂ ਦਰਵੇਸ਼ ਹੋਹ ਨਦਾਂਨ ਭਗਵਾਂਨਦਾਸ ਤਤੁ ਪਾਇ ਐਸਾ ਨਹੀਮੂਹੋਂ
ਬਣੇ ਬੋਲਣਾ ॥੩੦੬॥ ਛਡਕੇ ਨਚਾਨ ਪੁਣਾ ਅਬ ਤੂੰ ਦਾਨਾਈ
ਫੜੁ ਪਾਗਲੀ ਮੇਂ ਗਈ ਬਹੁ ਉਮਰ ਬਤੀਤ ਜੇ ॥ ਦੀਨਤਾ
ਤਿਆਗ ਕੇ ਉਖਾੜ ਜੜ ਭਟਕਾ ਦੀ ਭਰਮ ਜਖੀਰਾ ਪਟੁ ਹੋਇਆ
ਹੈਂ ਅਤੀਤ ਜੇ ॥ ਤਾਰਾਂ ਪਰਵਿਰਤ ਪਸਾਰ ਵਾਂਗ ਤੰਦੂਏ ਤੇ ਬੈਠਾ
ਹੋ ਬੇਹੋਸ਼ ਫੜ ਭੌਂਦੂਆਂ ਦੀ ਰੀਤ ਜੇ ॥ ਪਲਟੇ ਦ ਗੇੜ ਖਾਏਂ
ਫੇਰ ਭਗਵਾਂਨ ਦਾਸ ਬਿਸ਼ਿਆਂ ਬਤਾਰਾਂ ਨਾਲ ਕਰੇਂਗਾ ਪਰੀਤ
ਜੇ ॥੩੦੭॥ ਦੇਖਕੇ ਸਮਾਜ ਰਾਜ ਗਾਫਲ ਬਰਾਜ ਨਹੀਂ ਸਮਝਨ
ਲਾਜ ਕਰ ਕਾਰਜ ਕਸੂਤ ਨਾਂ ॥ ਪੁਤ ਪਰਵਾਰ ਨਾਰ ਜਿਤਨਾ

ਬਿਹਾਰੁ ਯਾਰ ਦਿਲ ਮੇਂ ਬਿਚਾਰ ਥਿਰ ਰਹਣਾ ਇਹ ਸਬੂਤ ਨਾ ॥ ਜਹਾਂ ਹੈ ਸੰਜੋਗ ਤਹਾਂ ਹੋਵੰਦਾ ਬਜੋਗ ਰੋਗ ਭੋਗ ਨੂੰ ਤਿਆਗ ਕਿਉਂ ਮਿਟਾਂਏ ਸੋਗੁ ਊਤਨਾਂ॥ ਬੇਲਾ ਆਖਰ ਜੁਦਾਈ ਨਾ ਸਹਾਈ ਭੈਣ ਭਾਈ ਮੀਤ ਦਾਸ ਭਗਵਾਂਨ ਕਿਉਂ ਹੋਵੇਂ ਅਵਧੂਤ ਨਾਂ ॥੩੦੮॥ ਤ੍ਰਿੰਵਣ ਦੀ ਕੁੜੀਆਂ ਮਦਰਸੇ ਦੇ ਲੜਕੇ ਜੁ ਵਿਆਹ ਵਾਲਾ ਮੇਲੁ ਨਾ ਹਮੇਸ਼ ਹੈ ਠਰਾਵਣਾ ॥ ਮੁਸਾਫਰ ਸਰਾਇ ਮੇਲਾ ਭਰਿਆ ਜਹਾਂਨ ਬਿਚ ਬੇੜੀ ਵਾਲਾ ਪੂਰੁ ਇਹੁ ਜ਼ਰੂਰ ਛਿੜ ਜਾਵਣਾ ॥ ਬੁਦ ਬੁਦਾ ਨੀਰ ਇਹ ਸੀਰੀਰ ਨਹੀਂ ਦੇਖ ਭੁਲ ਭਜਨੇ ਦੀ ਬਾਰ ਇਨ ਪਲੁ ਨਹੀਂ ਲਾਵਣਾ ॥ ਬੁਰਜ ਬਰੂਦ ਗਿਆ ਉਡ ਭਗਵਾਂਨ ਦਾਸ ਬੀਤਿਆ ਜੋ ਵੇਲਾ ਫੇਰ ਹਥ ਨਹੀਂ ਆਵਣਾ ॥੩੦੯॥ ਮਾਨੁ ਕਿਸ ਚੀਜ਼ ਦਾ ਤੂੰ ਕਰਦਾਂ ਕੁਮਤ ਕਰ ਦਿਨੋਂ ਦਿਨ ਉਮਰ ਇਹ ਜਾਏ ਤੇਰੀ ਘਟਦੀ ॥ ਢਲੇ ਪੜਛਾਵਾਂ ਜਿਉਂ ਬਿਰਛ ਬਨਾਸਪਤ ਤਿਵੇਂ ਹੀ ਤੂੰ ਜਾਨੁ ਇਹ ਖੇਲ ਕੋਈ ਝਟਦੀ ॥ ਗਜਦੀ ਖੜੋਇ ਸਿਰ ਐਸੀ ਵਲਵਾਨ ਮੌਤ ਜੋਬਨ ਬੁਢੇਪੇ ਦੀਆਂ ਆਣ ਜੜਾਂ ਪਟਦੀ ਕਰੀਏ ਉਪਾਉ ਜੇ ਅਨੇਕ ਭਗਵਾਂਨ ਦਾਸ ਮਰਗ ਹਟਾਈ ਨਹੀਂ ਮਗਰ ਤੇ ਹਟਦੀ ॥੩੧੦॥ ਸੁਣ ਬਾਤ ਤੂੰ ਨਦਾਂਨ ਝੂਠਾ ਜਾਣਕੇ ਜਹਾਨੁ ਸਾਰਾ ਆਖਦਾ ਬਿਆਨ ਜੇਹੜਾ ਅੰਤ ਕਾਲ ਹੋਵਣਾ ॥ ਬਾਸ਼ਨਾਂ ਅਵਸ ਹੋਇ ਰਹਿੰਦੀ ਜੋ ਚਲਾਇ ਮਾਨ ਤਿਸਤਕਦੀਰਹੋਇ ਤੁਧਨੂੰ ਵਗੋਬਣਾ ॥ ਨਹੀਂ ਮਕਦੂਰ ਜਮਦੂਤ ਕੁਝੁ ਸਕੇ ਕਹ ਸੰਗ ਕਰਤਬ ਆਪ ਆਪ ਨੂੰ ਤੈਂ ਖੋਵਣਾ ॥ ਨੇਕੀ ਜੇ ਕਮਾਵੇਂ ਭਗਵਾਂਨ ਦਾਸ ਸੁਖ ਪਾਵੇਂ ਬਦੀਆਂ ਦੇ ਬਟੇ ਪਿਆਰੇ ਬਨੂੰ ਤੈਨੂੰ ਰੋਵਣਾ ॥੩੧੧॥ ਕਾਲ ਸਿਰਦਾਰ ਜਿਨ ਲਏ ਸਭ ਮਾਰ ਕਿਉ ਤਿਸ ਕੋ ਵਿਸਾਰ ਨਾਮੁ ਆਪਣਾ ਜਪਾਏ ਹੈਂ ॥

ਚਾਰੇ ਖਾਣੀਆਂ ਸਮੇਤ ਲਏ ਕਾਲ ਨੇ ਲਪੇਟ ਜਾਲ ਤਾਣਿਆ ਅਮੇਟ ਬਿਚ ਤਿਸ ਦੇ ਛਪਾਏ ਹੈਂ ॥ ਦੇਹ ਧਾਰੀ ਜਗਤ ਮੇਂ ਮਾਰ ਲਏ ਇਸ ਨੇ ਚਰਿੰਦੇ ਤੇ ਪਰਿੰਦੇ ਐ ਚੁਪਾਏ ਤੇ ਦੁਪਾਏ ਹੈਂ ॥ ਕਰੇਂ ਕਿਉਂ ਗੁਮਾਂਨ ਤੂੰ ਨਦਾਂਨ ਭਗਵਾਨ ਦਾਸ ਕੌਣ ਤੂੰ ਬਚਾਰਾ ਐਸੇ ਖੂਹਣੀਆਂ ਖਪਾਏ ਹੈ ॥ ॥੩੧੨॥ ਦੁਨੀਆਂ ਦੇ ਬਿਚ ਜਦੋਂ ਗੁਜ਼ਰੇ ਸਰੀਰ ਕੋਈ ਦੇਖ ਕਰ ਤਦੋਂ ਡਾਢੀ ਮਾਰਦਾ ਹੈਂ ਆਹ ਤੂੰ। ਰੋਏਂ ਮਨ ਓਪਰੇ ਤੇ ਸਮਾਂ ਪਾਇ ਭੁਲ ਜਾਇ ਸਮਝ ਨਦਾਨ ਕੈਸੇ ਪਿਆ ਹੈਂ ਕੁਰਾਹਿ ਤੂੰ॥ ਦਿਲ ਲਾਇ ਯਾਦ ਕਰ ਆਪਣਾ ਫਨਾਹਿ ਹੋਣਿ ਦੰਮ ਦੰਮ ਧੋਇ ਦਾਗ ਸੀਨੇ ਦੇ ਸਿਆਹਿ ਤੂੰ ॥ ਹੋਵੇ ਮਨਜ਼ੂਰੁ ਤੇਰਾ ਰੋਣ ਭਗਵਾਨ ਦਾਸ ਪਲਕ ਬਜ਼ਰੁ ਨਹੀਂ ਸਚਦੀ ਸਲਾਹਿ ਤੂੰ॥੩੧੩॥ ਹੋਇ ਕੇ ਸੁਦਾਈ ਭੋਗ ਭੋਗ ਦਾ ਹੈਂ ਸਤ ਜਾਣ ਕਾਂਇਆਂ ਹੈ ਨਦਾਂਨਤੇਰੀ ਬਾਲੂਏਦੀ ਭੀਤ ਜਿਉਂ। ਚੁਰਾਸੀ ਦੀ ਭੁਆਲੀ ਬਿਚ ਪਾਗਲ਼ਾ ਨਾ ਫਸ ਬੈਠੁ ਆਪ ਨੂੰ ਬਚਾਰੁ ਹੋਇਆਂ ਨੀਤ ਤੇ ਅਨੀਤ ਕਿਉਂ ॥ ਤਤ ਗਿਆਨ ਮਨੋ ਨਾਸ ਬਾਸਨਾ ਤੇ ਛੈ ਹੋਇ ਜੀਵਨ ਹੀ ਮੁਕਤ ਫਕੀਰਾਂ ਵਾਲੀ ਰੀਤ ਇਉਂ ॥ ਅਕ੍ਰਿਤਮ ਦੇਵ ਕੋ ਪਛਾਣ ਭਗਵਾਂਨ ਦਾਸ ਪਕੜ ਕਨਾਰਾ ਤੂੰ ਆਕਾਰ ਕੀ ਪ੍ਰੀਤ ਸਿਉਂ ॥੩੧੩॥ ਦੇਹੀ ਸਭੁ ਹੱਡ ਚੰਮ ਥੁਕ ਨਾਲ ਪੂਰ ਹੋਈ ਪੋਚਾ ਦੇਖ ਗੈਹਰ ਨਾ ਪਾਉ ਬਿਚ ਅਖ ਤੂੰ॥ ਪੰਚ ਤਤ ਪੂਤਲਾ ਸਮਾਂਨ ਸਤਾ ਏਕ ਸਭ ਸੂਖਮ ਸਮਾਈ ਜਾਣ ਬਿਰਖੀਂ ਅਲਖ ਤੂੰ॥ ਨਰ ਨਾਰ ਜੰਗਲ ਜਹਾਨ ਜਬ ਏਕ ਰੂਪ ਬਿਸ਼ੇ ਨੂੰ ਉਡਾਇਕੇ ਬਛੋਣਾ ਕਿਤੇ ਰਖ ਤੂੰ॥ ਐਸੀ ਜਾਣ ਏਕਤਾ ਨਦਾਨ ਭਗਵਾਂਨ ਦਾਸ ਬਿਰਤੀ ਟਕਾਇ ਕਰ ਹੋਹ ਨਿਰਪੱਖ ਤੂੰ॥੩੧੫॥ ਮਰਤਬਾ ਮਜ਼ਜ ਫਕੀਰ ਦਾ ਬਲੰਦ ਹੈ ਜੁ ਸਮ ਦੇ ਮਕਾਂਨ ਪਰ ਸੁਰਤ ਸਿਧਾਰੀ ਹੈ ॥ ਰਾਉ ਰੰਗ ਏਕ ਕਰ ਜਾਣਦਾ ਹੈ ਤਹਾਂ ਫਿਰ ਰਖਦਾ ਮੁਤਾਜ ਨਹੀਂ ਤ੍ਰਿਸ਼ਨਾ

ਨਿਵਾਰੀ ਹੈ ॥ ਹੋਇ ਅਦੁਐਤ ਕਹੀਂ ਬਿਚਰੇ ਨ ਚਾਹ ਹੋਇ ਏਕਤਾ ਦੇ ਵਿਖੇ ਏਕ ਰੂਪ ਨਰ ਨਾਰੀ ਹੈ ॥ ਬਨਾਵਟ ਉਡਾਈ ਜਿਸਸਾਧਭਗਵਾਂਨ ਦਾਸ ਵਾਸਤਵ ਜਾਣ ਤਿਸ ਬੰਦਨਾ ਹਮਾਰੀ ਹੈ ॥੩੧੬॥ ਸਹੀ ਏਹੋ ਪਾਂਵਦੇ ਸੁਫਾਈ ਤੇ ਖੁਦਾਈ ਵਾਲੇ ਹਰਿ ਹਰਿ ਜਗਾ ਇਕੁ ਰਮਿਆ ਅਖੰਡ ਹੈ ॥ ਕਿਧਰੇ ਨਗਾਹ ਮਾਰੁ ਦਿਲ ਦੀ ਸਫਾਈ ਨਾਲ ਆਪਣਾ ਹੀ ਆਪੁ ਦਿਸੇ ਜੇਤਾ ਬ੍ਰਹਮੰਡ ਹੈ ॥ ਛਲ ਤੇ ਛਲਿਦ੍ ਨਾ ਬਿਸ਼ਾ ਹੈ ਬਕਾਰ ਤਹਾਂ ਉਡਦਾ ਫਰੇਬ ਜਹਾਂ ਗਿਆਂਨ ਪਰਚੰਡ ਹੈ॥ ਏਕ ਜੇ ਪੁਕਾਰ ਰਚੇਂ ਦੁਐਤ ਭਗਵਾਂਨ ਦਾਸ ਅਹੰ ਬ੍ਰਹਮ ਕਹਣਾ ਤੇਰਾ ਸੁਬ ਪਖੰਡ ਹੈ ॥ ੩੧੭॥ ਬਿਸ਼ਟਾ ਫਲੋਰੇਂ ਨਿਜ ਰੂਪ ਨੂੰ ਬਸਾਰ ਹੰਸ ਆਦ ਹੈ ਪਛਾਣਿ ਕਿਉਂ ਬਣਿਆ ਹੈਂ ਕਾਗ ਤੂੰ ॥ ਆਤਮਾਂ ਅਵੈਬੀ ਅੰਤ ਵਾਹਕ ਸਰੀਰ ਲਖ ਆਪ ਨੂੰ ਬਚਾਰ ਗਿਆਂਨ ਜਾਗਨੀ ਮੇਂ ਜਾਗ ਤੂੰ ॥ ਅਸਲਾ ਇਕਾਗਰ ਨਿਵਿਰਤੀ ਭੁਲਾਇ ਕਰ ਰਚਦਾ ਕਿਉਂ ਮੂੜ ਪਰਵਿਰਤ ਦੇ ਬਾਗ ਤੂੰ ॥ ਕੂੜ ਦਿਖਲਾਵੇ ਤੇ ਨਦਾਨ ਦਿਲੁ ਮੋੜ ਦੇਖੁ ਦਾਸ ਭਗਵਾਂਨ ਹੈਂ ਬ੍ਰਹਮ ਦੀ ਬੇਦਾਗ ਤੂੰ ॥੩੧੮॥ ਹੋਇਆ ਹੈਂ ਜੇ ਸਾਧ ਨਾ ਉਪਾਧ ਵਿਚ ਫਸ ਬੈਠ ਆਧ ਤੇ ਬਿਆਧ ਔ ਉਪਾਧ ਭਾਰੀ ਰੋਗ ਹੈ ॥ ਬਲੁ ਆਪਣਾ ਬਚਾਰ ਤੇ ਅਵਿਦਿਆ ਅਸਾਰ ਤਜ ਧਰਮ ਬਸਾਰ ਹੋਰ ਧਾਰਨ ਅਜੋਗ ਹੈ ॥ ਗੇਹੂੰ ਜਬ ਭੋਸ ਸੇ ਨਕਾਲ ਲੀਆ ਏਕ ਵੇਰ ਤਿਸ ਹੀ ਮੇਂ ਮੇਲ ਫੇਰ ਕੈਸੇ ਕਹੋ ਜੋਗ ਹੈ ॥ ਤਜਸੰਸਾਰਹੋਇਫਕੀਰ ਭਗਵਾਂਨ ਦਾਸ ਗਿਰ ਪੈਣਾ ਬਾਤ ਦੁਰਦਿਸ਼ਾ ਵਾਲੀ ਹੋਗ ਹੈ ॥੩੧੯॥ ਬ੍ਰਹਮ ਦੀ ਬਚਾਰ ਬੁਨਿਆਦੀ ਪਰ ਕਾਇਮ ਹੋਹ ਕਲਪਤ ਕਾਂਮਨਾਂ ਬਸਾਰ ਦੇਹ ਸਾਰੀਆਂ ॥ ਸਚਦਾ ਬਪਾਰੁ ਕਰੁ ਝੂਠ ਦਾ ਤਿਆਗ ਕਰੁ ਇੰਦ੍ਰੀ ਸੰਕੋਚ ਸਭੇ ਛਡ ਬਿਭ ਚਾਰੀਆਂ ॥ ਏਕ ਸਿਉਂ ਪ੍ਰੀਤ ਕਰ ਦੂਸਰੇ ਕੀ ਰੀਤ ਤਜ ਸੰਗਤ ਜੇ ਏਕਕਾਂਤ ਹੋਵਣ ਖੁਆਰੀਆਂ ॥ ਜਾਤਪਾਤਮਾਣੁ

ਨਹੀਂ ਸੰਗ ਭਗਵਾਂਨ ਦਾਸ ਆਖਰ ਦੀ ਵਾਰ ਕੰਮ ਆਵਣ ਸਵਾਰੀਆਂ ॥੩੨੦॥ **ਈਸਰ ਉਪਾਧੀ ਅਤੇ ਜੀਵ ਹੈ ਅਵਿਦਿਆਮੇਂ ਬੈਠਕੇਇਕਾਗਰ ਬਿਚਾਰ ਲੈ ਤਹਕੀਕ ਤੂੰ** ॥ ਲਖਤਾ ਸਰੂਪ ਕੀ ਅਪਾਰ ਅਪਰੰਪਰ ਹੈ ਦੋਨੋਂ ਸੇ **ਬਸੇਸ਼ ਐਸੀ ਰਖਦਾਂ ਤੁਫੀਕ ਤੂੰ** ॥ **ਵਹਾਂ ਹੈ ਨਾ** ਹਮ ਤੁਮ ਦਫਤਰ ਗੁਮ ਸਭ ਕਹਾਂ ਹੈ ਉਪਾਧ ਜਹਾਂ ਸੂਖਮ ਬਰੀਕ ਤੂੰ ॥ ਈਸ ਜੀਵ ਸੇ ਨਾ ਚਾਰੋ ਨਦਾਂਨ ਭਗਵਾਨ ਦਾਸ ਕਰੇਂ ਚਾਹ ਕਿਸਦੀ ਜਾਂ ਖੁਦ ਹੈਂ ਰਫੀਕ ਤੂੰ ॥੩੨੧॥ ਖੁਦ ਖੁਦ ਗਾਂਵਦਾ ਹੈਂ ਪਿਆ ਹੀ ਤੂੰ ਰਾਤ ਦਿਨ ਖੁਦ ਦਾ ਨਸ਼ਾਨ ਦੇਹ ਨਾ ਰਖੁ ਅਬ ਰੋਲ ਤੂੰ॥ ਆਪਣਾ ਹੀ ਆਪ ਹੈਂ ਜਣਾਇ ਰਿਹਾਂ ਕਿਸ ਬਿਧ ਬਲੁ ਏਹ ਫਸਾਦ ਵਾਲਾ ਦਸੁਸਾਰਾ ਖੋਲ ਤੂੰ ॥ ਮੂਰਖੁ ਬਕਾਰੀ ਭੀ ਇਹ ਕਹੇਗਾ ਮਲੀਨ ਮੱਤ ਮੈਂ ਹੀ ਖੁਦ ਰਬੁ ਇਸ ਪੜਦੇ ਨੂੰ ਫੋਲ ਤੂੰ ॥ ਨਿਰਨਾ ਨਤਾਰ ਅਗੇ ਬੋਲ ਭਗਵਾਨ ਦਾਸ ਕਿਸੇ ਦਾ ਨਾ ਘੋਲ ਪਾਈਂ ਝੇੜਾ ਰਖ ਗੋਲ ਤੂੰ ॥੩੨੨॥ ਬੋਲ ਮੂਹੋਂ ਆਖਣਾ ਸੁਖੈਨ ਜੇਹਾ ਖੁਦ ਦਾ ਹੈ ਖੁਦੀਉਂ ਬੇਖੁਦ ਪਰੇ ਜਾਨਣਾ ਅਪਾਰਦਾ ॥ ਮਨ ਬੁਧ ਇੰਦ੍ਰੀ ਦੇਬਿਸ਼ੇ ਤੇ ਹੈ ਪਰੇ ਖੁਦ ਹਮ ਤੁਮ ਕੁਝਨਾ ਤਹ ਪਦੁ ਨਿਰਾਕਾਰ ਦਾ ॥ ਬਾਤ ਇਹ ਬਰੀਕ ਹੈ ਨਮੂਨਿਉਂਨਗਾਹਚੱਕ ਰੋਗ ਸੋਗ ਚਾਹ ਮਿਟੇ ਭਾਸਨਾ ਅਜਾਰਦਾ ॥ ਬਿਨਾ ਹੀ ਤਰੀਕੇਇਸਹੋਇ ਭਗਵਾਂਨ ਦਾਸ ਖੁਦ ਨਾ ਪੁਕਾਰ ਮਤ ਬਾਜੀ ਜਾਏਂ ਹਾਰਦਾ ॥੩੨੩॥ ਭਿੰਨ ਭਿੰਨ ਦਿਸਦੇ ਹੈਂ ਜੀਵ ਅਲਪਗਤਾ ਮੇਂ ਹਰ ਸਰਬਗ ਇਕ ਰਿਹਾ ਭਰ ਭੂਰ ਹੈ॥ ਜਲ ਥਲ ਮੂਰਖ ਤੇ ਚਤਰ ਮੇਂ ਏਕ ਰਸ ਪਸ਼ੂਆਂ ਪਖੇਰੂਆਂ ਮੇਂ ਤਿਸਦਾ ਹੀ ਨੂਰ ਹੈ ॥ ਐਸਾ ਨਿਰਦੋਖ ਨਿਰਦ੍ਵੰਦ ਦਿਲਦਾਰ ਹੈਂ ਤੂੰ ਦੰਡ ਦੇਣ ਕਿਸੇ ੬ ਾ ਨਾ ਤੁਧਮਕਦੂਰਹੈ ॥ ਦੇਹਕਰਦੁਖ ਜੇਹੜੇ ਪਾਏਂ ਭਗਵਾਂਨ ਦਾਸ ਤੇਰਾ ਹੀ ਇਹੁ ਫੇੜੁ ਨਹੀਂ ਕਿਸੇ ਦਾ ਕਸੂਰ ਹੈ ॥੩੨੪॥ ਤੂੰ ਹੀ ਰਬ ਹੈਂ ਰਸੂਲ ਤੂੰ ਹੀ ਸਰਬ ਕਾ ਮੂਲ ਤੂੰ ਹੀ ਭੁਲ

ਹੈਂ ਅਭੂਲ ਭੂਲ ਕਾਂਟਾ ਖੁਦ ਨੂਰ ਤੂੰ ॥ ਤੂੰਹੀ ਰਾਮਅਵਤਾਰ ਤੂੰਹੀ ਕ੍ਰਿਸ਼ਨ ਮੁਰਾਰ ਤੂੰਹੀ ਧੌਲ ਅਸਵਾਰ ਹਮਵਾਰ ਹਵਾਹੂਰ ਤੂੰ ॥ ਮਹੰਮਦਜਸੂਹਤੂੰਹੀ ਬਿਆਪਕ ਸਮੂਹ ਤੂੰਹੀ ਅਲੀ ਵਲੀ ਰੂਹ ਨੂਹ ਭਇਆ ਹੈ ਕੋਹ ਤੂਰ ਤੂੰ ਗੋਰਖ ਗੋਬਿੰਦ ਇੰਦ ਤੂੰ ਹੀ ਹੈ ਨਰਿੰਦ ਜਿੰਦ ਦਾਸ ਭਗਵਾਂਨ ਅਨਲਹੱਕ ਮਨਸੂਰ ਤੂੰ ॥੩੨੫॥ ਤੌਰੇਤ ਐ ਅੰਜੀਲ ਫੁਰਕਾਨ ਤੇ ਜੰਬੂਰ ਚਾਰੇ ਕਹਣ ਕਤਾਬਾਂ ਬੋਲ ਪਰਵਰਦਗਾਰ ਦੇ ॥ ਜੁਜਰ ਸਿਆਮ ਰਿਗਵੇਦ ਐ ਅਥਰਬਣ ਚੋਹਨ ਕੇ ਮਹਾਂਵਾਕ ਬ੍ਰਹਮਹੀ ਪੁਕਾਰਦੇ ॥ ਨਿਆਇ ਮਮਾਨਸਾ ਬਸੇਖਖ ਪਤਜੰਲ ਬੇਦਾਂਤ ਸਾਂਖ ਸ਼ਾਸਤ੍ਰ ਬ੍ਰਹਮ ਹੀ ਉਚਾਰਿਦੇ ॥ ਬ੍ਰਹਮ ਅਦ੍ਵੈ ਬਿਨ ਦੂਸਰੋ ਨਾ ਭਯੋ ਕਛੂ ਦਾਸ ਭਗਵਾਨ ਬੋਲ ਫਕਰ ਬਹਾਰ ਦੇ ॥੩੨੬॥ ਆਤਮਾਂ ਅਖੰਡ ਖੰਡਨ ਮੈਂ ਖੰਡ ਅਬ ਹੋਵੇ ਤਾਂ ਅਖੰਡ ਜਬ ਜਾਣੇ ਨਿਰਾਕਾਰ ਨੂੰ ॥ ਆਸ਼ਕਾਂ ਦੀ ਚਾਲ ਚਲੁ ਸਿਖਿਆ ਬਚਾਰ ਏਹ ਸਾਖੀ ਦੀ ਸਿਆਣ ਕਰੁ ਛਡਕੇ ਅਕਾਰ ਨੂੰ ॥ ਅਨੇਕ ਸੇ ਉਠਾਇ ਆਂਖ ਏਕ ਮੈਂ ਨਗਾਹਿ ਲਾਇ ਬਾਸ਼ਨਾ ਕੋ ਰੋਕ ਮੋੜ ਮਨਦੀ ਮਹਾਰ ਨੂੰ ॥ ਕਹੇ ਭਗਵਾਨ ਦਾਸ ਬੰਦਗੀ ਹੈ ਬੰਦ ਹੋਣ ਸੁੰਨਦੀ ਸਮਾਧ ਮੇਂ ਨਿਹਾਰਿ ਕਰਤਾਰ ਨੂੰ ॥੩੨੭॥ ਅਸਲਾ ਅਛੇਦ ਰੂਪ ਹੀਏ ਮੇਂ ਹਿਸਾਬ ਲਾਓ ਵਜਾ ਕਿਸ ਜੀਵ ਹੋਇ ਪਾਂਵਦਾ ਅਜਾਰ ਤੂੰ ॥ ਫੁਰਨੇ ਫਲਾਰ ਗਿਆ ਆਤਮਾਂ ਅਭੇਦ ਭੁਲ ਇਸ ਬਿਧਿ ਮੁਠਿਆ ਹੈਂ ਅਜ਼ਦ ਬਜਾਰ ਤੂੰ ॥ ਬਿਭਚਾਰਨੀ ਜਿਉਂ ਨਾਰ ਹੋਇ ਛਡਕੇ ਸੁਭਾਉ ਸੀਲ ਤਿਵੇਂ ਹੀ ਬ੍ਰਹਮ ਤੇ ਹੈਂ ਜੀਵ ਬਿਚਕਾਰ ਤੂੰ ॥ ਅਜੇ ਭੀ ਬਚਾਰ ਨਿਜ ਰੂਪ ਭਗਵਾਂਨ ਦਾਸ ਲੱਜਤ ਜਹਾਨਦੀ ਦੇ ਪਾਓਸਿਰਿ ਛਾਰ ਤੂੰ ॥੩੨੮॥ ਹੋਇਨਿਰਪੱਛ ਸਭੇ ਏਕ ਹੀ ਫਕੀਰ ਜਾਣ ਦੁਐਤ ਨਹੀਂ ਕੋਇ ਕਰ ਦੇਖ ਲੈ ਸ਼ਨਾਸ ਤਾਂ ॥ ਬ੍ਰਹਮਚਾਰੀ ਓਹੁਜੇਹੜਾ

ਬ੍ਰਹਮ ਦੀ ਬਚਾਰ ਕਰੇ ਹੋਂਵਦਾ ਉਦਾਸੀ ਹੋਇ ਮਾਇਆ ਤੇ ਉਦਾਸ ਤਾਂ ਅਸਲ ਤਰੀਕਾ ਤਤ ਏਹੋ ਸੁੰਨਿਆਸੀਆਂ ਦਾ ਆਸ ਬਾਸ ਤਿਆਗ ਕਰ ਹੋਵਣਾ ਨਰਾਸ ਤਾਂ ॥ ਬਣਾਵਟ ਉਡਾਇ ਜਬ ਦੇਖੀ ਭਗਵਾਂਨ ਦਾਸ ਨਿਕਲੀ ਨਾ ਦੁਐਤ ਦਰਵੇਸ਼ ਇਕ ਖਾਸ ਤਾਂ ॥੩੨੯॥ ਦਾਨੇ ਦਰਵੇਸ਼ ਜੁ ਹਮੇਸ਼ ਹੈਂ ਕਲੇਸ਼ ਬਿਨ ਸਮਝ ਨਰੇਸ਼ ਇਹ ਬਸੇਸ ਹੈਂ ਬਚਾਰ ਮੇਂ ॥ ਕੈਸੇ ਹੈਂ ਅਤੀਤ ਚੀਤ ਨਹੀਂ ਜਿਨ ਹਾਰ ਜੀਤ ਰੀਤ ਮੇਂ ਨਾ ਨੀਤ ਹੈ ਪ੍ਰੀਤਿ ਦਿਲਦਾਰ ਮੇਂ ॥ ਲੈਂਦੇ ਕੀ ਅਨੰਦ ਨਿਰਦ੍ਵੰਦ ਦਿਲਬੰਦ ਮੰਦ ਪੰਦ ਨੂੰ ਤਿਆਗਿ ਰਹਿੰਦੇ ਆਤਮ ਅਧਾਰ ਮੇਂ ॥ ਸੰਜਮੀ ਤੇ ਧੀਰ ਜੀ ਸੰਤੋਖੀ ਭਗਵਾਂਨ ਦਾਸ ਸ਼ਾਹਿਨ ਕੋ ਸ਼ਾਹ ਜੋ ਸਮਾਏ ਸਮਸਾਰ ਮੇਂ ॥੩੩੦॥ ਬਾਸਨਾ ਦੇ ਪਿਛੇ ਲਗ ਹੋਈਂ ਨਾ ਖ਼ੁਆਰ ਯਾਰ ਬਾਸਨਾ ਦੇ ਮਾਰੇ ਨੂੰ ਟਕਾਣਾ ਨਹੀਂ ਥਾਂ ਓਇ ॥ ਬਾਸਨਾ ਦੇ ਅੰਗ ਲਗ ਹੋਇਓ ਜੇ ਚਲਇਮਾਨ ਪਾਵੇਂਗਾ ਅਜਾਬ ਬਣ ਕੂਕਰ ਤੇ ਕਾਂ ਓਇ ॥ ਬਾਸ਼ਨਾ ਦੀ ਤਾਰ ਤੋੜ ਪਾਏਂਗਾ ਦੀਦਾਰ ਜਬ ਹੋਇਗਾ ਅਚਲ ਜੇ ਸਮੂਹ ਸੁਖ ਤਾਂ ਓਇ ॥ ਨਿਜ ਧਾਂਮ ਦੇ ਮਕਾਂਨ ਮੇਂ ਸਮਾਇ ਭਗਵਾਂਨ ਦਾਸ ਹਮ ਤੁਮ ਨਹੀਂ ਜਹਾਂ ਰੂਪ ਰੇਖ ਨਾ ਓਇ ॥੩੩੧॥ ਬਾਸਨਾ ਵਜੂਦ ਬਿਚ ਬੈਰ ਨ ਕਲੰਕ ਮਨ ਬਾਸਨਾਂ ਦੀ ਮਾਰ ਤੇ ਗੁਲੇਲਾ ਭਲਾ ਸਾਰਦਾ ॥ ਬਾਸਨਾ ਦੇ ਪਿਛੇ ਲਗ ਤੁਰ ਨਾਂ ਖਰਾਬੁ ਬਹੁ ਬਾਸਨਾ ਦੇ ਪਿਛੇ ਹਾਥੀ ਅੰਕਸ ਸਹਾਰਦਾ ॥ ਬਾਸਨਾ ਦੇ ਹੇਤ ਜੀਵ ਫਾਹੀ ਵਿਚ ਆਣ ਫਸੇ ਹੋਇਆਂ ਤੂੰ ਗੁਲਾਮ ਤੈਸੇ ਦੇਹ ਦੀ ਬਗਾਰ ਦਾ ॥ ਬਾਸਨਾ ਦੀ ਤਿਆਗੁ ਮਿਤਰਾਈ ਭਗਵਾਂਨ ਦਾਸ ਨਿਜ਼ ਦੇ ਮਕਾਂਨ ਨਸਾ ਅਜਬ ਬਹਾਰਦਾ ॥੩੩੨॥ ਅਰੇ ਮਨ ਅੰਧ ਨਹੀਂ ਸਰਮ

ਹਿਆਉ ਤੁਝ ਰਚੇਂ ਬਿਵਹਾਰ ਜੇਹੜੇ ਰਾਜਸੀ ਹੈਂ ਇੰਦਗੀਕੂੜਦਾਖਲਾਰਾ ਤੂੰ ਖਲਾਰਦਾ ਹੈਂ ਭੁਲਕਰ ਹੋਵਣੀ ਫਨਾਹ ਜੇਹੜੀ ਦੇਖਦਾ ਹੈਂ ਜਿੰਦਗੀ ਭਟਕਾ ਦਾ ਫਲੁ ਏਹੋ ਮਿਲੂਗਾ ਨਿਲੱਜ ਤੁਝ ਭਵੇਂਗਾ ਚੁਰਾਸੀ ਜੂਨ ਧਾਰਕੇ ਪਰਿੰਦਗੀ ॥ ਬਾਸਨਾ ਕੋ ਰੋਕ ਤੂੰ ਨਦਾਨ ਭਗਵਾਂਨ ਦਾਸ ਆਪ ਨੂੰ ਬਚਾਉ ਛਡੁ ਫਾਰਸੀ ਤੇ ਹਿੰਦਗੀ ॥੩੨੩॥ ਬਿਦਿਆ ਬਚਾਰ ਬਿਨੁ ਜਾਣ ਲੈ ਨਦਾਂਨ ਕੂੜ ਬਿਦਿਆ ਬਿਹਾਰੀ ਬੜਾ ਸਾਧ ਕੋ ਬਕਾਰ ਹੈ ॥ ਬੜੀ ਇਹ ਉਪਾਧ ਤੇ ਅਸਾਧ ਐਸੀ ਮਹਾਂ ਰੋਗ ਚੰਚਲ ਸੁਭਾਉ ਕਰ ਕਰਦੀ ਖੁਆਰ ਹੈ ॥ ਕਾਰਨ ਇਹੁ ਬਿਸੈ ਤੇ ਬਸੇਪ ਦਾ ਤੂੰ ਜਾਣ ਯਾਰ ਐਸੀ ਦੁਰਾਚਾਰ ਸਿਰ ਇਸਦੇ ਪੰਜਾਰ ਹੈ ॥ ਬਿਦਿਆ ਸਰੂਪਦੀ ਹੈ ਸਾਰ ਭਗਵਾਂਨ ਦਾਸ ਸਮਝ ਸਧਾਂਤ ਰੋਗ ਕਟਦੀ ਹਜ਼ਾਰ ਹੈ ॥੩੨੪॥ ਇਲਮ ਅਸਾਨ ਪੜ੍ਹ ਹਰਫ ਨਾ ਏਕ ਬੋਲ ਅਮਲ ਕੁਮਾਏ ਹਟੇ ਦਿਲਦੀ ਹੈਰਾਂਨਗੀ ॥ ਸੁਖਨ ਫਕੀਰ ਦਾ ਦਰੋਗ ਨਾ ਖਲਾਫ ਜਾਣ ਇਲਮ ਹਰੂਫ ਵਾਲਾ ਕਰੇਗਾ ਵਰਾਨਗੀ ॥ ਬੀਤਿਆ ਹੁਵਾਲੁ ਜੋ ਨਦਾਨ ਨਾਲ ਕਹੇ ਸਚੁ ਰਖੇ ਨਾਲ ਕੋਇ ਛਡੁ ਇਲਮ ਸੈਤਾਨਗੀ ॥ ਕਰਕੇ ਜਕੀਨ ਸਚੁ ਜਾਣ ਭਗਵਾਂਨ ਦਾਸ ਅਮਲ ਕਮਾਏ ਬਿਨਾਂਅਕਲ ਹੈਵਾਂਨਗੀ ॥ ੩੨੫। ਸਚਦੀ ਇਵਾਦਤ ਇਹ ਜਿਕਰ ਹੋਇ ਦੰਮ ਦੰਮ ਰਖ ਨਜਦੀਕ ਨਹੀਂ ਨਫਸ ਇਲਾਮਤੀ ॥ ਬਾਧਿਆਂ ਬਿਹਾਰ ਦਿਆਂ ਬਹੁਤਿਆਂ ਬਣਾਵਣਾਂ ਕੀ ਅਮਲ ਭਥੇਰਾ ਇਕ ਜਿਤ ਹੋਇ ਸਲਾਮਤੀ ॥ ਬਦੀਆਂ ਬਖੀਲੀਆਂ ਮੇਂ ਹੋਇ ਰਿਹਾਂ ਹਿਰਸੀ ਜੋ ਭਾਇ ਤੇਰੇ ਬਣੇਗੀ ਇਹ ਸਖਤ ਸਿਆਂਮਤੀ ॥ ਹਟੇ ਨਾਂ ਕਦਾਇਚਿਤ ਸਿਰੋਂ ਭਗਵਾਂਨ ਦਾਸ ਨਾਕਸ ਭੁਲਾਇਆ ਹੁਣ ਰੋਜ ਤੈਂ ਕਿਆਮਤੀ ॥੩੨੬॥ ਗਲ੍ਹਾਂ ਕਰ ਮੁਖ ਤੇ ਗਿਆਂਨ ਔ ਬਿਚਾਰ ਕਹੇ ਚਜੁ ਨਹੀਂ ਤਿਸ ਕੋ ਹੈ ਜਨਮੁ ਗੁਵਾਂਵਦਾ ॥ ਖੂਹਿਬਿਚੋਂ ਨਿਕਲਕੇ ਖਾਤ

ਵਿਚ ਗਰਕਿਆ ਉਚੀ ਉਚੀ ਨਾਮ ਦੀ ਦੁਹਾਈ ਜੇਹੜਾ ਪਾਂਵਦਾ ॥ ਗੁੜ ਗੁੜ ਕਹੇ ਤੇ ਨਾ ਮੂਹ ਹੈ ਮਿਠਾਸਦਾਰ ਕੌੜਾ ਨਹੀਂ ਹੋਇ ਨਾਮੁ ਮਿਰਚ ਦਾ ਗਾਂਵਦਾਂ ॥ ਤੈਸੇ ਹੀ ਤੂੰ ਜਾਣ ਬਿਨਾਂ ਸ਼ੋਕ ਭਗਵਾਂਨ ਦਾਸ ਬਕ ਬਕ ਕਰਨੇ ਸੇ ਅਸਰੁ ਨਾਂ ਆਂਵਦਾ ॥੩੩੭॥ ਤੀਰਥਾਂ ਦੇ ਕੀਤਿਆਂ ਤੇ ਬੇਦ ਦਿਆਂ ਪੜਿਆਂ ਤੇ ਜਾਣ ਕਲਿਆਣ ਕਿਉਂ ਹੋਇ ਰਿਹਾਂ ਲੁਟ ਹੀ ਦੇਖੇ ਨਹੀਂ ਜਾਣ ਇਹੁ ਸੂਬ ਕਦਾਚਿਤ ਕੈਸੇ ਕਲਿਆਣ ਜੀਵ ਜਾਵਣਾ ਨਖੁਟ ਹੀ ॥ ਆਵਾ ਨਹੀਂ ਮੁਕਦਾ ਜਾਂ ਰਚਿਆ ਬਕਲਪਾਂ ਦਾ ਖੋਤਾ ਕਿਸ ਬਿਧ ਕਹੁ ਨਦਾਂਨ ਜਾਏ ਛੁਟ ਹੀ ॥ ਪ੍ਰੇਮ ਅਨੰਦ ਮੇਂ ਸਮਾਏਂ ਭਗਵਾਂਨ ਦਾਸ ਭਰ ਜੇਨ ਚਾਹੀ ਵਾਲਾ ਪੀਵੇਂ ਇਕ ਘੁਟ ਹੀ ॥੩੩੮॥ ਦਿਲ ਦਾ ਟਕਾਉ ਨਹੀਂ ਮੂਰਖ ਮਲੀਨ ਮਤ ਰਬੁ ਚਾਹੇਂ ਟੋਲਿਆ ਤੂੰ ਕਾਗਜ਼ ਫਰੋਲਕੇ ॥ ਝਖ ਰਹਾਂ ਮਾਰਦਾ ਜੇ ਉਮਰ ਅਖੀਰ ਤਕ ਮੱਖਣ ਨਾ ਨਿਕਲੇਗਾ ਪਾਣੀ ਨੂੰ ਵਰੋਲ ਕੇ ॥ ਮਿਹਨਤ ਅਜਾਈਂ ਜਾਏ ਸਮਝ ਸਿਆਣਾ ਹੋਹੁ ਕੁਝ ਨਹੀਂ ਹਾਂਸਲੀ ਹੈ ਕਲਰੁ ਕਰੋਲਕੇ ॥ ਸਚ ਦੇ ਸਰੂਪ ਦੀ ਨਾ ਸਾਰ ਭਗਵਾਂਨ ਦਾਸ ਹੋਵੇਂ ਗੁਨਹਗਾਰ ਇਹ ਸੁਖਨ ਤੂੰ ਬੋਲਕੇ ॥੩੩੯॥ ਬੇਦ ਵਾਕ ਜਾਣਿਆਂ ਜਥਾਰਥ ਨਾ ਪੜ੍ਹਕੇ ਜਾਂ ਹੁਚੀ ਕੋ ਬਧਾਇ ਕਰ ਰਿਹਾ ਹੈਂ ਰਿਹਾੜ ਤੂੰ ॥ ਦੁਰਮਤਿ ਦਿਲ ਦੀ ਗਵਾਏਂ ਨਾ ਗਿਆਂਨ ਕਰ ਮਗ਼ਜ਼ ਖੁਪਾਈ ਮੇਂ ਗੁਜਾਰਦਾਂ ਦਿਹਾੜ ਤੂੰ ॥ ਜਾਪ ਜੋ ਅਜਪਾ ਨਹੀਂ ਤਿਸ ਕੋ ਬਚਾਰ ਦਾ ਹੈਂ ਨਿਸਚੇ ਹੀ ਜਾਣ ਭਉਂਦਾਂ ਗੈਹਬਰ ਉਜਾੜ ਤੂੰ ॥ ਖੋਜੇਂ ਜੇਹਨੂੰ ਬਾਹਰ ਓਹ ਬਿਚ ਭਗਵਾਂਨ ਦਾਸ ਦੇਖਣਾ ਜੇ ਦਿਲ ਦਿਆਂ ਦੀਦਿਆਂ ਉਘਾੜ ਤੂੰ ।੩੪੦॥ ਇਕ ਅਖਰ ਬਥੇਰਾ ਹੈ ਨਵਿਰਤੀ ਦਾ ਬੈਠ ਪੜ੍ਹ ਤਜ ਪਰਵਿਰਤ ਇਹ ਸ਼ਾਸਤ੍ਰੀ ਨਾਗਰੀ ॥ ਛਡ ਕੇ ਸਮੀਪ ਅਬ ਕਿਊ ਕਨੇਰਦਾ ਤੂੰ ਆਪ ਨੂੰ ਬਚਾਰ ਕੇ ਸੁਗੰਧ ਲੈ ਮਲਾਗਰੀ ॥ ਕੂੜ ਦੀ ਕੁਮਤ ਤੇ ਕਨਾਰਾ

ਫਤੁ ਨਿਸ ਦਿਨ ਜਾਣ ਲੈ ਬ੍ਰਹਮ ਕਰ ਬਿਰਤ ਇਕਾਗਰੀ ॥ ਬਿਚ ਪਰਪੰਚ ਕਿਉਂ ਪਇਆਂ ਭਗਵਾਂਨ ਦਾਸ ਤੁਛ ਸੁਖ ਛਡਕੇ ਅਨੰਦ ਦੇਖੁ ਸਾਗਰੀ ॥੩੪੧॥ ਔਰਾਂ ਉਪਦੇਸ਼ ਕਰ ਬਚਨ ਅਨੇਕ ਬੋਲ ਧਾਰਨ ਬਬੇਕ ਨਹੀਂ ਭਾਰੀ ਅਗਿਆਨਗੀ ॥ ਪੜਨ ਬਿਹਾਰ ਕੁਲ ਜਾਣ ਲੈ ਕੁਵੇਦ ਤੁਲ ਕਰਨੀ ਬਿਚਾਰ ਜੇਹੜੀ ਜੁਧ ਦੇ ਸਮਾਨਗੀ ॥ ਆਪਣੇ ਹੀ ਆਪ ਨੂੰ ਨਸੀਹਤ ਹੈ ਦੰਮ ਦੰਮ ਹੋਹ ਨਾਂ ਬੇਹੋਸ ਫੜੁ ਐਸੀ ਬੁਧਵਾਨਗੀ ਹਕੀਕਤ ਜੋ ਜਾਣੇ ਬੋਲ ਕਹੁ ਭਗਵਾਂਨ ਦਾਸ ਮੋਨ ਰਹੁ ਤਿਸਤੇਜੋ ਕਦਰ ਨਦਾਂਨਗੀ ॥੩੪੨ ।ਕਹਣਾ ਜੋ ਹੈ ਬੇਦ ਦਾ ਜਥਾਰਥਸਰੇਸ਼ਟ ਬਹੁ ਤਿਸ ਕੋ ਬਚਾਰ ਕਰ ਦੇਖ ਅੰਤਰੀਵ ਤੂੰ ॥ ਅਰਥ ਪਛਾਣ ਕੇ ਪਰੇਮ ਰਖੁ ਆਸਰੇ ਮੇਂ ਕੁਰਲੀਆਂ ਕਰ ਕਰ ਹੋਹ ਨਹੀਂ ਜੀਵ ਤੂੰ ॥ ਬ੍ਰਹਮ ਬਿਦਿਆ ਦਾ ਨਿਸ ਦਿਨ ਬੈਠ ਅਭਿਆਸ ਕਰੁ ਰੁਚੀ ਸੇ ਅਰੁਚ ਹੋਏ ਅਮੀ ਰਸੁਪੀਵ ਤੂੰ ॥ ਤਿਨਾਂ ਗੁਣਾ ਸੇ ਅਤੀਤ ਹੋ ਨਦਾਂਨ ਭਗਵਾਂਨ ਦਾਸ ਤੁਰੀਆ ਮੇਂ ਲੀਨ ਹੋ ਬੈਕੁੰਠ ਬਾਸੀ ਥੀਵ ਤੂੰ ॥੩੪੩॥ ਮਾਇਆ ਰੂਪ ਨਦੀ ਸਾਥ ਫੁਰਨ ਦੇ ਰਚ ਕਰ ਹੋਇ ਰਿਹਾਂ ਦੀਨ ਆਪ ਆਪਣੇ ਹੀ ਫੇਰ ਸੇ ॥ ਬਿਚ ਪਰਵਾਹ ਅਜੇ ਗਾਫਲ ਸੁਭਾਉ ਛਡ ਸੁਰਤ ਸੰਭਾਲ ਬਚੁ ਘੰਬਰ ਦੀ ਘੇਰ ਸੇ ॥ ਬੁਲਣ ਸੰਸਾਰ ਨਾਗ ਤੰਦੂਏ ਤੇ ਮਾਗਰ ਮੱਛ ਮਾਰਨ ਲਪੇਟਾ ਬਚੁ ਇਨਕੀ ਪਰੇਰ ਸੇ ॥ ਵੈਰੀ ਪੰਜ ਤੇਰੇ ਇਹੁ ਨਦਾਂਨ ਭਗਵਾਂਨ ਦਾਸ ਕਰ ਕਤਲਾਂਮ ਅਬੁ ਗਿਆਂਨ ਸ਼ਮਸ਼ੇਰ ਸੇ ॥ ॥੩੪੪॥ ਕਾਮ ਤੇ ਕ੍ਰੋਧ ਲੋਭ ਮੋਹ ਔ ਹੰਕਾਰ ਪੰਜ ਬਿਸ਼ੇ ਬਲਵਾਂਨ ਬਿਚ ਛਾਏ ਅੰਗ ਅੰਗ ਹੀ ॥ ਮਿਤ੍ਰ ਬਣਾਇ ਪਤਆਇਕਰ ਮਾਰਨ ਇਹ ਕੀਤਾ ਹੈਂ ਸੁਦਾਈ ਤੇ ਪਲਾਈ ਤੁਧ ਭੰਗ ਹੀ ॥ ਹੋਇਆਂ ਜੋ ਨਢਾਲ ਤਤ ਕਾਲ ਮੁਠ ਲਿਆ ਜਾਣ ਬਚਦਾ ਹੈਂ ਤਾਂਹੀ ਕਰੇਂ ਇਨਾਂ ਬਦਰੰਗ ਹੀ ॥ ਫੜ ਤਕੜਾਈ ਤੂੰ ਨਦਾਂਨ ਭਗਵਾਂਨ ਦਾਸ ਖੂਬ

ਛਟਕਾਉ ਗਿਆਂਨ ਰੂਪ ਲੈ ਤੁਫੰਗ ਹੀ ॥੩੪੫॥ ਹੋਇ ਰਿਹਾ ਜੀਵ ਅਬ ਪਚ ਪਰਪੰਚ ਬਿਚ ਅਸਲਾ ਅਨਾਦ ਹੀ ਬ੍ਰਹਮ ਦਿਲਦਾਰ ਸੀ ॥ ਕਰਕੇ ਨਿਆਉਂ ਆਪ ਆਪ ਹੀ ਬਚਾਰੁ ਪਾਇਆ ਇਤਨਾ ਅਜਾਬੁ ਬਣ ਠਗ ਤੈਂ ਬਨਾਰਸੀ ॥ ਕਾਰ ਓਹੋ ਸਾਂਭਦਾ ਹੈਂ ਫੇਰ ਮੂੜ ਭੌਂਦੂਆ ਕਿਉਂ ਬਾਸ਼ਨਾ ਬਕਾਰ ਅਗੇ ਕੀਤਾ ਤੂੰ ਖੁਆਰ ਸੀ ॥ ਛਡ ਚਤਰਾਈ ਤੂੰ ਨਦਾਂਨ ਭਗਵਾਂਨ ਦਾਸ ਹੋਇਕੇ ਬੇ ਖੁਦੁ ਖੁਦ ਰੂਪ ਦੀ ਲੈ ਵਾਰਸੀ ॥੩੪੬॥ ਐਹਮਕ ਅਦਾਇ ਭੈੜੀ ਤੇਰੇ ਬਿਚ ਐਸੀ ਪਈ ਰਚੇਂ ਦੁਰਲਭ ਜਾਣ ਕਾਰਜ ਪਤੰਤਰੀ ॥ ਪ੍ਰਵਿਰਤ ਦੀ ਓਰ ਮੂੜ ਤੁਰਤ ਤਿਆਰੁ ਹੋਏਂ ਕਰੇਂ ਤੂੰ ਬਲਾਉ ਬਲ ਆਵੇਂ ਜਾਂ ਸੁਤੰਤਰੀ ॥ ਸੁਖਾਂ ਦੀ ਹੈ ਖਾਣ ਅਤੇ ਦੁਖਾਂ ਦੀ ਦੁਕਾਂਨ ਬੰਦ ਗੋਸ਼ੇ ਹੋਇ ਜਾਣੀਏ ਬਹਾਰ ਇਹ ਅੰਤਰੀ ॥ ਮਨ ਦੀ ਮਰੋੜੀ ਵਲ ਦੇਖ ਭਗਵਾਂਨ ਦਾਸ ਲੈਣ ਨਾ ਅਨੰਦ ਦੇ ਖਰਾਬੁ ਤੇਰਾ ਮੰਤਰੀ ॥੩੪੭॥ ਬਾਲਕ ਅਵਸਥਾ ਹੈ ਮੂੜ ਅਗਿਆਨ ਗੁੰਗ ਕਰੇ ਅਪਰਾਪਤ ਪਦਾਰਥਾਂ ਦੀ ਇਛਿਆ ॥ ਜੁਵਾ ਹੋਵੇ ਜਦ ਤਦ ਮਦ ਵਿਖੇ ਹੋਇ ਕਰ ਚਿਤਵਤ ਕਾਂਮ ਖਾਂਕ ਸਮਝੇ ਨਾਂ ਸਿਛਿਆ ॥ ਜ਼ਰਾ ਜਦੋਂ ਆਵੇ ਕਫ ਖਾਂਸੀ ਆ ਦੁਵਾਵੇ ਗੁਝੀ ਤ੍ਰਿਸ਼ਨਾ ਜਲਾਵੇ ਨਹੀਂ ਹੋਵਤ ਅਨਿਛਿਆ ॥ ਕਾਲ ਸਿਰ ਦੰਡ ਨਹੀਂ ਗਿਆਂਨ ਪ੍ਰਚੰਡ ਜਬ ਦਾਸ ਭਗਵਾਂਨ ਹੁਣ ਕੋਣ ਕਰੇ ਰਿਛਿਆ ॥੩੪੮॥ ਮੰਨ ਲੈ ਨਦਾਂਨ ਇਕ ਮਤ ਤੁਝ ਆਖਦਾ ਹਾਂ ਭਵੇਂ ਨਾ ਚਰ ਸੀ ਵਾਲੇ ਜਿਤ ਕਰ ਗੇੜ ਤੂੰ ॥ ਮਿਤ੍ਰ ਬਣਾਏ ਜਿਨੀਂ ਪਲਟੇ ਦੇ ਬਿਚ ਪਾਇਆ ਹੋਹ ਹੁਸ਼ਿਆਰ ਜੜ ਤਿਨਾਂ ਦੀ ਉਖੇੜ ਤੂੰ ॥ ਫੈਂਕ ਕੇ ਫਸਾਦ ਆਪ ਹੋਇ ਹੁਸ਼ਿਆਰ ਰਹੁ ਭੁਲ ਨਹੀਂ ਕਰੁ ਫੇਰ ਪੰਚਨ ਕਾ ਨੇੜ ਤੂੰ ॥ ਮਾਰਨੇ ਦੇ ਵਾਲਾ ਕੋਈ ਨਹੀਂ ਭਗਵਾਨ ਦਾਸ ਆਪ ਹੀ ਸਹੇੜ ਗਲ ਪਾਇਲੈਂਦਾਂ ਫੇੜ ਤੂੰ ॥੩੪੯॥ ਤੇਰੇ ਜੇਹਾ ਮਹਾਂ ਘਾਤੀ ਹੋਰ ਨਾਂ ਨਦਾਂਨ ਕੋਈ

ਤ੍ਰਿਸ਼ਨਾ ਦੇ ਤਾਉ ਬਿਚ ਰਾਤ ਦਿਨੇ ਤਪਦਾਂ ॥ ਦੁਖ ਘਣੇ ਪਾਂਵਦਾ ਹੈਂ ਖਾਨਿਉਂ ਗਵਾਇ ਮਤ ਕਰਕੇਂ ਗੁਨਾਹ ਆਪ ਆਪ ਬਿਚ ਖਪਦਾਂ ॥ ਆਪ ਰਚ ਜਾਲ ਵਾਂਗ ਡਾਵਰੇ ਦੇ ਫਸ ਕਹੇਂ ਬਖਸ਼ੇਗਾ ਰਬੁ ਤਕਲੀਫ ਸਭ ਅਪਦਾਂ ॥ ਕਹਣਾ ਤੇਰਾ ਝੂਠ ਇਹ ਨਦਾਨ ਭਗਵਾਂਨ ਦਾਸ ਜਾਵਣ ਅਜਾਈਂ ਜੋ ਕਲਾਂਮ ਮੂਹੇਂ ਜਪਦਾਂ ॥੩੫੦॥ ਗਲਾਂ ਬਾਤਾਂ ਬਿਚ ਦਿਨੁ ਸਾਰਾ ਹੀ ਬਤੀਤ ਹੂਆ ਆਲਸ ਦੁਬਾਇਆ ਜਬ ਆਈ ਫਿਰ ਰੈਨ ਤਾਂ ॥ ਸੁਤਿਆਂ ਬਿਹਾਇ ਗਈ ਕੌਨ ਨਾ ਉਕਾਸਿਆਂ ਹੈ ਗਾਫਲ ਗਵਾਈ ਗਲ ਕਰ ਕਰ ਸੈਨ ਤਾਂ ॥ ਹੀਰੇ ਜੈਸਾ ਜਨਮ ਅਜਾਈਂ ਜਾਇ ਨਾਮ ਬਿਨ ਪਰਤ ਕੇ ਪੇਖਿਆ ਪ੍ਰੇਮ ਵਾਲੇ ਨੈਨ ਤਾਂ ॥ ਲਦ ਜਾਵਦਾ ਜਹਾਨੁ ਅਖੀਂ ਦੇਖ ਭਗਵਾਂਨ ਦਾਸ ਬੜਾ ਅਫਸੋਸ ਕੈਸੇ ਆਦਮੀ ਹੈ ਚੈਨ ਤਾਂ ॥੩੫੧॥ ਉਤਮ ਸਰੀਰ ਇਹ ਮਾਨਸ ਚੁਰਾਸੀ ਬਿਚ ਕਦਮ ਪਛਾਣ ਕਰੁ ਕੰਮ ਨਾਂ ਗਲੀਜ ਤੂੰ ॥ ਬੂਹਾ ਇਹ ਨਕਾਲ ਦਾ ਹੈ ਅਖੀਆਂ ਨਾ ਮੀਟ ਲੰਘੁ ਜੋਜਨਾਂ ਦਾ ਭੁਲਾ ਆਇਆਂ ਉਪਰ ਦਲੀਜ਼ ਤੂੰ ॥ ਸਾਰ ਨਹੀਂ ਲਵੇਂਗਾ ਜੇ ਹਿੰਮਤ ਬਗੈਰ ਅਬ ਜੁਗਾਂ ਪਰ ਜੀਤ ਫੇਰ ਭਵੇਂਗਾ ਅਜੀਜ਼ ਤੂੰ ॥ ਹੋਇ ਨਿਰਬਾਸ ਬਿਸਰਾਮ ਭਗਵਾਨ ਦਾਸ ਕਾਰਨ ਭੁਆਲੀ ਜ਼ਾਣ ਬਾਸ਼ਨਾ ਹੀ ਬੀਜ ਤੂੰ ॥੩੫੨॥ ਜਾਗੁ ਅਬ ਆਲਸੀਆ ਉਮਰ ਅਜਾਈਂ ਜਾਇ ਹਿਰਸ ਜ਼ੰਜੀਰ ਨਾਲ ਹੋਇ ਰਿਹਾਂ ਬੰਧ ਤੂੰ ॥ ਗੇੜ ਏਹੋ ਖੁਲ਼ਣ ਦਾ ਕਰ ਲੈ ਉਪਾਉ ਐਸ਼ਾ ਚਮੜੇ ਦੀ ਕੈਦ ਜਿਤ ਪਵੇਂ ਨਹੀਂ ਅੰਧ ਤੂੰ॥ ਸਗਲ ਮਨੋਰਥ ਮਿਟਾਇ ਮਤ ਏਕ ਫੜੂ ਦਿਲ ਨੂੰ ਟਕ ਇ ਚਲੁ ਆਰਫਾਂ ਦੇ ਪਧ ਤੂੰ ॥ ਰਮਜ਼ ਪਛਾਣ ਇਉਂ ਨਦਾਂਨ ਭਗਵਾਨ ਦਾਸ ਖੋਜ ਖੁਦ ਰੂਪ ਰੋਕ ਬਾਸ਼ਨਾਂ ਦੀ ਸੰਧ ਤੂੰ ॥ ॥੩੫੩॥ ਦੇਖ ਓਹੋ ਨੂਰੁ ਜਿਹਦਾ ਕੁਲ ਹੈ ਜ਼ਹੂਰੁ ਰਤੀ ਰਹੇ ਨਾ ਫਤੂਰ ਜਾਣ ਲਵੇਂ ਜੇ ਹਜੂਰ ਤੂੰ ॥ ਸੀਨਾ ਹੋਵੇ ਸਰਦ ਨਾ ਦਰਦ ਬਕਾਇ ਰਹੇ

ਗਰਦ ਗਵਾਇ ਹੋਇ ਰਹੇਂ ਭਰਪੂਰ ਤੂੰ ॥ ਮਨ ਮਤ ਚੂਰ ਕਰ ਤਰਕ ਗਰੂਰ ਫੇਰ ਨਹੀਂ ਕਿਤੇ ਦੂਰ ਹੈਂ ਮਾਮੂਰ ਮਸ਼ਹੂਰ ਤੂੰ ॥ ਲਖੇਂ ਆਪ ਕੋ ਹੀ ਆਪ ਜੋ ਨਦਾਂਨ ਭਗਵਾਨ ਦਾਸ ਜਪੇਂ ਜੋ ਅਜਾਪ ਜਾਪ ਨੇਹਿ ਪਾਪ ਹੈਂ ਜ਼ਰੂਰ ਤੂੰ ॥੩੫੪॥ ਬਿਰਤੀ ਬਿਹ ਰਾਂ ਕਾਰ ਜਾਣ ਦੇਹ ਜਤੀਮ ਅਬ ਹੋਰ ਨਾਂ ਅਲਬ ਸੁਧ ਆਪਣੇ ਲੈ ਘਰਦੀ ॥ ਕਾਰਾਗਰੀ ਬਾਹਜ ਮੁਖ ਕਾਰਨ ਫਸਾਉਂਦਾ ਹੈ ਮੋਖਸਸਰੂਪਾ ਕਾਰ ਬਿਰਤੀ ਹੈ ਕਰਦੀ ॥ ਬੋਏਂ ਬਾਸ਼ਨਾ ਕਰੀਰ ਛਾਪਾ ਲਗੇਗਾ ਸਰੀਰ ਹੋਏਂ ਪੁਜ ਦਲਗੀਰ ਰੀਤ ਪਕੜੇਂ ਜੇ ਖਰਦੀ ॥ ਰਾਹ ਜਾਂਵਦੀ ਵਲਾਇ ਗਲ ਪਾਏਂ ਭਗਵਾਂਨ ਦਾਸ ਦਸਖਾਂ ਨਦਾਂਨ ਤੇਰਾ ਕੋਣੁ ਬਣੂ ਦਰਦੀ ॥੩੫੫॥ ਦੇਖ ਸੰਸਾਰ ਇਹੁ ਅਸਤ ਹੈ ਅਸਾਰੁ ਕਰੁ ਇਸ ਦੀ ਬਚਾਰ ਨਹੀਂ ਫਸੁ ਸੁਤਨਾਰ ਮੇਂ ॥ ਕੂੜ ਦਾ ਬਿਹਾਰ ਕੋਈ ਦੰਮ ਦੀ ਖਲਾਰ ਨਾਂ ਅਵਰਦਾ ਗੁਜਾਰ ਯਾਰ ਚਿਤ ਕਰ ਹਾਰ ਮੇਂ ॥ ਬਾਜੀ ਜਾਏਂ ਜੀਤ ਪਰਪੰਚ ਸੇ ਅਤੀਤ ਹੋਇ ਕਰੇਂ ਜੇ ਬਤੀਤ ਪਰਤੀਤ ਨਿਰਾਕਾਰ ਮੇਂ ॥ ਪਾਏਂ ਕਲਿਆਣ ਤਜ ਈਰਖਾ ਨਦਾਂਨ ਐਸੇ ਦ ਸਭਗਵਾਨ ਰਹੇਂ ਅਸਲ ਅਚਾਰ ਮੇਂ ॥੩੫੬॥ ਜਤੀ ਜਿਵੇਂ ਨਾਰ ਸੇ ਅਤੀਤ ਜਿਉਂ ਬਿਹਾਰ ਸੇ ਤਿਉਂ ਭਜ ਤੂੰ ਬਕਾਰ ਸੇ ਤੇ ਪੰਚਨ ਕੀ ਬੰਧ ਸੇ ॥ ਕੁਰੰਗ ਜਿਵੇਂ ਸ਼ੇਰ ਸੇ ਜਿਉਂ ਅਜ ਹੈ ਬਘੇਰ ਸੇ ਤਿਉਂ ਡਰ ਜੂਨੀ ਫੇਰ ਸੇ ਚੁਰਾਸੀ ਵਾਲੇ ਫੰਧ ਸੇ ॥ ਬੈਸ਼ਨੋ ਜਿਉਂ ਨੀਚ ਸੇ ਛੁਕੀਨ ਜਿਵੇਂ ਕੀਚ ਸੇ ਤਿਉਂ ਬਚੁ ਪਚ ਬੀਚ ਸੇ ਅਗਿਆਨ ਰੂਪ ਅੰਧ ਸੇ ॥ ਦਾਸ ਭਗਵਾਂਨ ਝੂਠਾ ਜਾਣਕੇ ਜਹਾਂਨ ਕਰ ਸਚ ਦਾ ਧਿਆਨ ਬਚ ਕੂੜ ਸਨਬੰਧ ਸੇ ॥੩੫੭॥ ਦਾਦ ਫਰਿਆਦ ਨਹੀਂ ਆਪ ਬਿਨ ਸੁਣਦਾ ਕੋਕਿਸ ਨੂੰ ਸੁਣਾਵਾਂ ਹਾਲੁ ਮਨ ਨੇ ਹਾਂ ਮਾਰਿਆ ॥ ਜਿਨਸ ਬਕੀਮਤੀ ਦਾ ਲਦਿਆ ਜਹਾਜੁ ਮੇਰਾ ਛਹ ਦਰਆ ਵਿਚ ਧੋਖਾ ਦੇਕੇ ਡਾਰਿਆ ॥ ਰਖਾਂ ਨ ਲਕੋਇ ਮੈਂ ਪੁਕਾਰਦਾ ਹਾਂ ਭੁਜਾ

ਕਢ ਨਫਸਦੇ ਧੋਖੇ ਮੂਲੁ ਆਈਂ ਨਾਂ ਪਿਆਰਿਆ ਦੰਮ ਤੇ ਦਲੀਲ ਇ-
ਹੋਇ ਭਗਵਾਂਨਦਾਸ ਡੁਬਦਾਜਹਾਜ਼ੁ ਕਿਸੇ ਇਸ ਬਿਧਤਾਰਿਆ ॥੩੫੮॥
ਬਗ ਰਹੀ ਵਾਉ ਐਸੀ ਮਾਇਆ ਦੇ ਸੁਭਾਉ ਕਰ ਹੋਵਣ ਟਕਾਉ ਨਹੀਂ
ਦੇਵੇ ਇਸ ਜਿੰਦ ਦਾ ॥ ਤਿਨ ਦੇ ਵਾਂਗਮਨਅਰਧ ਤੇ ਜਾਇ ਕਭੀਉਰਧ
ਕੋ ਚਾਰਾ ਨਹੀਂ ਚਲਦਾ ਹੈ ਪੁਰਖ ਪਰਿੰਦ ਦਾ ॥ ਚੱਕਰ ਦੇ ਬਿਚੋਂ ਬਿਧ
ਨਿਕਲਨੇ ਵਾਲੀ ਖੂਬੁ ਹੋਹ ਤੂੰ ਅਡੋਲ ਫੜ ਦਾਮਨ ਗੋਬਿੰਦ ਦਾ ॥ ਨੇਕ
ਹੈਂ ਨਸੀਬ ਹੋਇ ਸਰੋਤ ਭਗਵਾਂਨ ਦਾਸ ਆਸਰਾ ਅਚਲ ਨਾਂ ਬਸਾਹੁ
ਕਰ ਮਿੰਦ ਦਾ ॥੩੫੯॥ ਮੋਮਨ ਉਪਾਉ ਨਹੀਂ ਮੋਮ ਦਿਲ ਹੋਵਣੇ ਨੂੰ
ਆਜਜ਼ ਸਤਾਵਣੇ ਦੇ ਬਿਚਉਪਰਾਲਮੀ ਰਖਿਆ ਹਲਾਲ ਨਾਮ ਮਾਰਿਆ
ਗੁਨਾਹ ਬਿਚ ਕਾਫਰ ਕਸਾਈ ਤੈਂ ਸੁਭਾਉ ਫੜ ਜਾਲਮੀ ॥ ਆਖਦਾਂ
ਸਵਾਬੁ ਕਿਸ ਸੂਰਤ ਬੇ ਪੀਰ ਬੋਲ ਲਿਖਿਆ ਕੁਰਾਨ ਮੇਂ ਕਿਰਬਲ ਹੈ
ਆਲਮੀ ਲੱਜ਼ਤ ਪਸਿੰਦ ਹੁਣ ਕਰੇਂ ਭਗਵਾਂਨ ਦਾਸ ਦੋਜ਼ਖ ਦੀ ਭਾਹ ਜਾਂ
ਜਲਾਵੇ ਕਰੋਂ ਮਾਲਮੀ ॥੩੬੦॥ ਦਿਸਦਾ ਖੁਦਾ ਨਹੀਂ ਹੋਰੁ ਦਿਲਦਾਰ
ਕਿਤੇ ਸਾਬਤ ਜਾਂ ਹੋਇਆ ਹੇ ਤਾ ਜਾਨਿਆ ਬਿਆਨ ਤੇ॥ ਪੀਰ ਤੇ
ਪੈਗੰਬਰ ਬਤਾਂਵਦੇ ਦਾਨਾਇਹ ਸਿਆਹਰਗ ਨਜ਼ਦੀਕ ਰਬ ਸਾਬਤ
ਕੁਰਾਂਨ ਤੇ ॥ ਐਸਾ ਹੈਂ ਬੇਦੀਨ ਬੇਈਮਾਨ ਤੂੰ ਹਰਾਮ ਖੋਹ ਮਾਰਦਾ ਹੈਂ
ਜੀਵ ਫਿਰਾਊਨ ਫਰਮਾਂਨ ਤੇ ॥ ਦੁਖ ਨਾ ਪਰਾਇਆ ਹੁਣ ਯਾਰ
ਭਗਵਾਂਨ ਦਾਸ ਜਾਣੇਗਾ ਦਰੁਸਤ ਜਾਂ ਆਂਣ ਬਣੇ ਜਾਨ ਤੇ ॥੩੬੧॥
ਬਾਫਰੀ ਜੇ ਕਰੇਂ ਤਾਂ ਉਠਾਏਂ ਨੁਕਸਾਂਨ ਬਹੁ ਬਾਫਰੀ ਦੇ ਜੜ ਕੋਈ ਹੋਰ
ਨਾ ਗੁਨਾਹ ਹੈ ॥ ਚੋਦਾਂ ਹੀ ਤਬਕ ਵਿਚ ਜਾਇ ਹਰਜਲ ਪਵੇਦੁਖੀ ਹੋਇ
ਜੀਵ ਜਦੋਂ ਮਾਰੇ ਠੰਡੀ ਆਹ ਹੈ ॥ ਲਾਹਨਤ ਕਾ ਤੋਕ ਗਲ ਪਵੇ ਮੂੰਹ
ਕਾਲਾ ਹੋਇ ਸ਼ੁਮ ਉਠਾਏਂ ਜਦੋਂ ਕਰੇਂ ਤੂੰ ਨਗਾਹ ਹੈ ॥ ਮਕੇ ਕਰੇਂ ਹੱਜਕੇ
ਹਜ਼ਾਰ ਵਾਰਜਾਇ ਕਰ ਦਾਸਭਗਵਾਂਨ ਨਹੀਂਬਖਸ਼ੇ ਅਲਾਹ ਹੈ ॥੩੬੨॥

ਦੋਜ਼ਖ ਮੇਂ ਡਾਲਤ ਹੈਂ ਆਪ ਕੋ ਜਹਾਲਤ ਸੇ ਪਾਲਤ ਹੈਂ ਨਫਸ ਇਹ ਕਰਤ ਕੁਕਾਜ ਤੂੰ ॥ ਮਾਨਤ ਸ਼ੈਤਾਂਨ ਕੋ ਨਾ ਜਾਨਤ ਰਹਮਾਨ ਕੋ ਨਾ ਕੰਮ ਇਨਸਾਂਨ ਕੋ ਜੁ ਖਾਇ ਰਿਹਾਂ ਖਾਜ ਤੂੰ ॥ ਰਬੀ ਸੂਰਤ ਨੂੰ ਭੰਨਦਾ ਤੇ ਮੰਨਦਾਂ ਹੈਂ ਆਪਣੀ ਨੂੰ ਉਘੜ ਇਹ ਜਾਊ ਜੋ ਬਣਾਏ ਬੈਠਾਂ ਪਾਜ ਤੂੰ ॥ ਕਿਆਮਤ ਕਾ ਰੋਜ਼ ਅਜੇ ਸਿਰ ਭਗਵਾਨ ਦਾਸਕਾਦਰ ਬਸਾਰ ਨਾਂ ਬੇਸ਼ਰਮ ਨਲਾਜ ਤੂੰ ॥੩੬੩॥ ਮੁਰਗ ਨਾ ਮਾਰ ਨਹੀਂ ਹੋਏਂਗਾ ਖੁਆਰ ਪਹਿਲੇ ਗੱਲ ਕੋ ਬਚਾਰ ਇਹਨੂੰ ਕਿਸਦਾ ਹੀ ਸਾਇਆ ਹੈ ॥ ਗਿਰੇਵਾਂਨ ਆਪਣੇ ਮੇਂ ਆਪ ਮੂਹ ਪਾਏ ਕਰ ਸਮਝ ਕੇ ਦੇਖ ਰੂਹ ਕਿਸਨੇ ਬਨਾਇਆ ਹੈ ॥ ਏਕ ਹੈ ਰਫੀਕ ਨਹੀਂ ਦੂਸਰਾ ਸਰੀਕ ਜਿਹ ਜਾਣ ਲੈ ਤਹਿਕੀਕ ਸੋਈ ਸਰਬ ਸਮਾਇਆ ਹੈ ॥ ਖ਼ੁਦੀ ਕਰ ਤਰਕ ਨਾ ਗਰਕ ਗਰੂਰ ਮੇਂ ਤੂੰ ਦਾਸ ਭਗਵਾਂਨ ਇਹਨਾਂ ਜੈਜ਼ ਫੁਰਮਾਯਾ ਹੈ ॥ ॥੩੬੪॥ ਆਪਕੋ ਪਛਾਣ ਕਰ ਹਿਕ ਦਾ ਨਾ ਤਾਣ ਨਾਂ ਕਸੂਤੇ ਐਸ਼ ਮਾਣ ਇਹ ਜਾਣ ਦਿਨ ਚਾਰਕੇ ॥ ਖਾਏਂ ਮੁਰਦਾਰ ਨਹੀਂ ਸੂਤ ਬਿਵਹਾਰ ਇਹੁ ਮਲਨ ਅਹਾਰ ਕਹਿੰਦੇ ਆਰਫ ਪੁਕਾਰਕੇ ॥ ਕਰੇਂ ਸੋ ਪਸਿੰਦ ਜੋਈ ਨਿੰਦਨ ਮੇਂ ਨਿੰਦ ਨਹੀਂ ਕੰਬਦੀ ਹੈ ਜਿੰਦ ਐਸੇ ਖਾਜ ਕੋ ਨਿਹ ਰਕੇ ॥ ਮਾਨਸੀ ਚਰੂੰਡ ਲੇਤੇ ਹੱਡ ਭਗਵਾਂਨ ਦਾਸ ਗੀਰੜੀ ਤੇ ਕਾਕ ਅਧਕਾਰੀ ਸੀ ਅਹਾਰ ਕੇ ॥੩੬੫। ਜਾਨਵਰੋਂ ਕੇ ਇਹ ਕਾਮ ਜੋਈ ਕਰੇ ਸ਼ਰਹ ਆਂਮ ਏਹ ਤੋ ਖਾਣਾ ਹੈ ਹਰਾਂਮ ਦੇਖ ਕਰਕੇ ਬਬੇਕ ਤਾਂ ॥ ਪਕੜਕੇਕੰਰਦ ਬੇਦਰਦ ਬਗਾਂਵਦਾ ਹੈਂ ਨਹੀਂ ਪੁਰ ਦਰਦ ਜਾਂ ਮਰਦ ਨਾ ਨੇਕ ਤਾਂ ॥ ਮਾਰਦਾ ਹੈ ਭੋਰ ਕਮਜ਼ੋਰ ਦਾ ਨਾ ਜ਼ੋਰ ਹੋਰ ਸੁਣਕੇ ਭੀ ਸ਼ੋਰ ਪਵੇ ਕਾਲਜੇ ਨਾਂ ਛੇਕ ਤਾਂ ॥ ਕਰ ਕਰ ਜਬਾ ਖੁਛ ਤੰਬਾ ਭਗਵਾਂਨ ਦਾਸ ਜਦੋਂ ਪਵੇ ਸਿਰ ਤਦੋਂ ਲਗੇ ਕੇਹਾ ਸੇਕ ਤਾਂ ॥੩੬੬॥ ਜਾਂਨ ਕਰੇ ਕਬਜ਼ ਫਰਿਸ਼ਤਾ ਜਾਂ ਆਇਕਰ ਜਾਣ ਤਦੋਂ ਨਿਕਲੇ ਇਹ ਚੋੜਾਂ ਸਭ ਤੇਰੀਆਂ ॥

ਚਾੜਕੇ ਸਿੰਕੰਜੇ ਜਦੋਂ ਮਲਕ ਮਰੋੜਾ ਦੇਵੇ ਹੋਇ ਕਰ ਕੇਲ ਕਰੇ ਮਿਨਤਾਂ ਬਥੇਰੀਆਂ ॥ ਕੌਣ ਕਰੇ ਦਰਦ ਜਾਂ ਆਪ ਹੀ ਬੇਦਰਦ ਹੈਂ ਰੂਹ ਹੋਵੇ ਪਿੰਜ ਸਜ਼ਾ ਸਖਤ ਬਧੇਰੀਆਂ ਬਜਰ ਹੀ ਗੁਰਜ ਨਦਾਂਨ ਭਗਵਾਂਨ ਦਾਸ ਬੇਲਾ ਰਖੁ ਯਾਦ ਕਰੁ ਐਡ ਨਾਂ ਦੁਲੇਰੀਆਂ ॥੩੬੭॥ ਛਡ ਜਾਵਣਾ ਜਹਾਂਨ ਹੋਇ ਜਾਣਾ ਬੇ ਨਛਾਂਨ ਜਾਂਨ ਕਰਕੇ ਗੁਮਾਂਨ ਹਰਿਗਿਜ਼ ਨਾਂ ਹੰਕਾਰੀਏ ॥ ਨੇਕੀ ਹੀ ਕਮਾਈਏ ਫੇਰ ਵਤ ਨਹੀਂ ਆਈਏ ਜਬਪਾਈਏ ਕੀਤਾ ਆਪਣਾ ਤਾਂ ਖ਼ੂਨ ਕਿਉਂ ਗੁਜ਼ਾਰੀਏ ॥ ਸੋਚਕਰ ਹੱਕ ਲੱਕ ਬੰਨੀਏ ਬੇਸ਼ਕਪਰਪੱਕ ਨਾਂ ਨਹੱਕਚੱਕ ਜੀਵ ਉਠ ਮਾਰੀਏ ॥ ਕਾਰਨਤੇਫੁਲਪਹਲੇ ਦੇਖ ਭਗਵਾਂਨ ਦਾਸ ਪਿਛੋਂ ਕਾਰਜ ਜੋ ਦਰਗਾ ਨਾ ਹਾਰੀਏ ॥੩੬੮॥ ਜਿਤਨੀ ਚੁਰਾਸੀ ਫਾਸੀ ਨਾਸੀ ਨਾ ਖਲਾਸੀ ਬਿਚ ਸਿਰਿ ਸਿਰਿਦਾਰ ਨਰ ਨਾਰਨ ਇਉਂ ਕਹੀਏ ॥ ਹੋਵਤ ਮਹਾਂਨ ਭਾਵ ਧਰਮ ਪਛਾਂਨ ਜਾਂਨ ਧੀਰਜ ਧਿਆਨ ਐਸੇ ਮਰਮ ਕੋ ਲਹੀਏ ॥ ਆਜਜ਼ ਨਿਤਾਣੇਂ ਨਹੀਂ ਮਾਰੀਏ ਧਗਾਣੇਂ ਇਉਂ ਆਖਦੇ ਸਿਆਂਣੇ ਨਾ ਇਆਣੇ ਬਣ ਰਹੀਏ ॥ ਕੀਜੀਏ ਪਨਾਹ ਹੋਵੇ ਵਾਹ ਭਗਵਾਂਨ ਦਾਸ ਪੇਸ਼ ਨਹੀਂ ਜਾਏਤਾਂ ਅਲੱਗ ਹੋਇ ਬਹੀਏ ॥੩੬੯॥ ਬਣੀਏ ਆਜ਼ਾਦ ਦਿਲਸ਼ਾਦ ਬਰਬਾਦ ਹੋਇ ਪਾਵੀਏ ਜੋ ਦਾਦ ਤੋਂ ਅਬਾਦ ਹੀ ਰਹਾਈਏ॥ ਦੇਖੀਏ ਗੁਲਿਸਤਾਂ ਦਮਾਗ ਕੋ ਬੇਦਾਗ ਕਰ ਹੋਇ ਬਾਗ ਬਾਗ ਮੌਜ ਬੋਸਤਾਂ ਕੀ ਪਾਈਏ ਲਾਇ ਮਕਾਨ ਕੇ ਮੁਕਾਮ ਪਰ ਖੋਲੀਏ ਜਾਂ ਨੂਰ ਵਾਲੇ ਚਸ਼ਮੇ ਸ਼ਹੂਰ ਸਿਉ ਨ੍ਹਾਈਏ ॥ ਪੀਏ ਆਬ ਹਿਆਤ ਤਾਂ ਨਦਾਂਨ ਭਗਵਾਂਨ ਦਾਸ ਹੋਇਕੇ ਬੇ ਜਾਤ ਵਿਚ ਜਾਤ ਦੇ ਸਮਾਈਏ ॥੩੭੦॥ ਕਲਮਾ ਕਹੁ ਆਮ ਨਹੀਂ ਜਿਸ ਮੇਂ ਕਲਾਮ ਖਾਂਮ ਸਚੁ ਵਾਲਾ ਨਾਮੁ ਓਹ ਜਪ ਆਠ ਜਾਮ ਤੂੰ ॥ ਰਹੇ ਨਹੀਂ ਫਿਕਰ ਹੈ ਜਿਕਰ ਜੁਆਂਨ ਐਸਾ ਦਿਗਰ ਨਾ ਜਹਾਂ ਤਹਾਂ ਕਰਲੈ ਮੁਕਾਮ ਤੂੰ ॥ ਆਰਫੋਂ ਕੇ ਬੋਲ ਜੁ ਅਮੋਲ ਆਬ ਹਿਆਤ ਸਮਾਂਝਲ

ਕਰੇ ਨੋਸ਼ ਪਾਏਂ ਅਜਬ ਅਰਾਮ ਤੂੰ ॥ ਕਲਾਹੀਸੇਕਲਮਾ ਨਦਾਂਨਭਗਵਾਂਨ ਦਾਸ ਕਲ਼ਾ ਕੋ ਪਛਾਣ ਕਰ ਕਰ ਬਿਸਰਾਮ ਤੂੰ ।੩੭੧॥ ਦੇਖੇਗੀ ਸਿਤਮ ਕਰ ਸਿਤਮਗਰ ਸਿਤਮ ਐਸੇ ਕੈਸੈ ਰਖਭੇਤਬਿਚ ਭੇਤ ਦੇਸਮਾਇਆ ਹੈ ॥ ਕੁਦਰਤ ਕਾਰ ਇਹ ਰਚ ਗੁਲਜ਼ਾਰਹੋਇ ਸਰਬ ਅਧਾਰ ਆਪ ਆਪਕੇ ਛਪਾਇਆ ਹੈ ॥ ਆਫਤਾਬ ਤੇ ਮੈਹਤਾਬ ਮੇਂ ਭੀ ਆਬਦਰ ਆਬ ਹੈ ਸੋ ਕੁਲਕੀ ਪਨਾਹ ਹੋਏ ਕੁਲ ਦਰ ਸਾਇਆ ਹੈ ॥ ਗੁਰਨੇ ਦਿਖਾਇਆ ਐਨ ਗੈਨਮੇਂ ਸਬੂਤ ਕਰ ਦਾਂਸਭਗਵਾਨ ਤਾਂਹੀ ਐਸੇ ਸੁਖੁ ਪਾਇਆਹੈ॥੩੭੨॥ ਪਾਇਆ ਚਾਹੇਂ ਰੱਬ ਅਬ ਹੱਬ ਨੂੰ ਗਵਾਇ ਝਬ ਏਹੀ ਹੈ ਸਬੱਬ ਲੱਭ ਆਰਫਾਂ ਦੀ ਚਾਲ ਤੂੰ ॥ ਮੁਸ਼ਕਲ ਹੱਲ ਨਾ ਅਜਲ ਹਰਜੱਲ ਸੱਲ ਗੱਲ ਹੋਇ ਸਹਲ ਕਰੇਂ ਇਹ ਜੇ ਅਮਾਲ ਤੂੰ ॥ ਜੀਭ ਕੋਬਕਾਉ ਨਹੀਂਬੋਲਦਾ ਲਗਾਉ ਨਹੀਂ ਹੋਠ ਫਰਕਾਉ ਨਹੀਂ ਹੋਏਂ ਜਿ ਵਿਸਾਲ ਤੂੰ ॥ ਇਸ਼ਕ ਦਾ ਵਰਕ ਜੇ ਮਿਲੇ ਭਗਵਾਂਨ ਦਾਸ ਪੜ੍ਹਕੇ ਸਬਕ ਫੇਰ ਪਾਏਂਗਾ ਜਮਾਲ ਤੂੰ ॥੩੭੩॥ ਆਰਫੋਂ ਕੀ ਸੰਗਤਿ ਮੇਂ ਅਜਬ ਹੀ ਰੰਗਤ ਹੈ ਪੇਖ ਕੇ ਪੇਸ਼ਾਨੀ ਹਾਂਨੀ ਕੋਟਨ ਬੀਮਾਰੀ ਹੈ ॥ ਨੂਰ ਦਾ ਬੈਹਰ ਅਠ ਪੈਹਰ ਹੀ ਵਗਦਾ ਹੈ ਗੈਹਰ ਨਾ ਜਾਂਮੇ ਤਾਂਮੇ ਲੈਹਰ ਨਿਆਰੀ ਹੈ ॥ ਪੀਏਂ ਜੇ ਪਿਆਲਾ ਸ਼ੌਕ ਵਾਲਾ ਉਜਿਆਲਾ ਹੋਇ ਰਹੇਂ ਮਤਵਾਲਾ ਨਹੀਂ ਉਤਰੇ ਖੁਮਾਰੀ ਹੈ॥ ਹੋਏਂ ਜੇ ਨਸੀਬ ਪਾਏਂ ਕਰਤਾ ਹਬੀਬ ਤਦੋਂ ਦਾਸ ਭਗਵਾਂਨ ਮਿਲੇ ਰੁਤਬਾ ਇਹ ਭਾਰੀ ਹੈ ॥ ॥੩੭੪॥ ਘਰ ਬਨ ਇਕ ਰਸ ਹੋਇ ਨਿਰਲੇਪ ਰਹ ਘਟੇ ਨਾਂ ਜੇ ਸ਼ੌਕ ਹੋਇਆ ਜਾਣੀਏਂ ਨਿਹਾਲ ਹੀ ॥ ਮੈਹਦੀ ਦਿਆਂ ਪਤਿਆਂ ਦਾ ਅਸਲਾ ਪਛਾਣ ਦੇਖ ਬਰਖਾ ਹਜਾਰ ਪਵੇ ਰੰਗ ਓਹੋ ਲਾਲ ਹੀ ॥ ਰੋਮ ਰੋਮ ਖਚਤ ਖਿਆਲ ਬਿਚ ਖੁਦ ਰੂਪ ਇਕ ਦੰਮ ਬਿਗੜੇ ਨਾ ਆਸ਼ਕਾਂ ਦੀ ਚਾਲ ਹੀ॥ ਪਾਇਕੇ ਹਕੀਕਤ

ਨਦਾਂਨ ਭਗਵਾਂਨ ਦਾਸ ਬੇ ਪਰਵਾਹਿ ਰਹਿਣਾ ਹਰਿ ਹਰਿ ਹਾਲ ਹੀ ॥੩੭੫॥ ਆਪਣਾ ਹੀ ਆਪ ਨਹੀਂ ਦੂਸਰਾ ਜਹਾਨ ਬਿਚ ਸਮਝ ਬਗੈਰ ਹੋਇ ਰਿਹਾਂ ਤੂੰ ਬੇਤੌਰ ਹੀ ॥ ਜਿਸਮੀ ਇਹੁ ਜਾਲ ਆਪ ਰਚਿਆ ਨਦਾਨ ਭੁਲ ਬੈਰੀ ਤੂੰ ਹੀ ਆਪ ਦਾਨਾ ਬੈਰੀ ਤੇਰਾ ਔਰ ਹੀ ॥ ਹਾਲ ਨੂੰ ਪਛਾਣ ਦੇਖ ਦੂਰ ਉਨਮਾਦ ਕਰ ਫਸ ਰਿਹਾਂ ਆਪ ਲਾਇ ਬਾਸ਼ਨਾਂ ਦੀ ਬੋਰ ਹੀ ॥ ਸੁਸਤੀ ਤਿਆਗ ਕੇ ਨਦਾਨ ਭਗਵਾਂਨ ਦਾਸ ਹੋਹ ਹੁਸ਼ਿਆਰ ਅਬੁ ਤੋੜ ਨਾਲ ਗੋਰ ਹੀ ॥੩੭੬॥ ਸੁਫਨ ਜ਼ੰਜੀਰ ਪੈਰੋਂ ਖੁਲਦਾ ਨਾ ਜਾਗੇ ਬਿਨੁ ਸੁਫਨ ਸੰਸਾਰ ਇਹ ਸੋਵਣ ਖੁਆਬ ਬਿਨੁ ॥ ਹੋਇ ਪਰਪੰਚ ਬਿਖੇ ਖਚਤ ਲੁਪਾਇ ਮਾਂਨ ਕਰੇਂ ਬਿਰਲਾਪ ਮਾਰ ਚਾਂਗਰਾਂ ਅਜਾਬ ਬਿਨੁ ॥ ਫੁਰਨੇ ਕੀ ਰਚ ਕਰ ਘੁਮਰ ਘੁਮੇਟੇ ਦਾਰ ਪਿਆ ਪਰਵਾਹ ਵਿਚ ਡੁਬਦਾ ਹੈਂ ਆਬ ਬਿਨੁ ॥ ਫਾਹੀ ਅਣਹੋਇਆਂ ਦੀ ਨਦਾਂਨ ਭਗਵਾਂਨ ਦਾਸ ਖੁਲਣ ਨਾ ਦੇਵੇ ਖੁਦ ਰੂਪ ਦੇ ਹਸਾਬ ਬਿਨੁ ॥੩੭੭॥ ਬਾਜਾਂ ਦਾ ਸ਼ਾਹਬਾਜ਼ ਚਿੜੀ ਆਪ ਨੂੰ ਕਹਾਂਵਦਾ ਹੈਂ ਸਿਖਿਆ ਸਿਆਣਿਆਂ ਦੀ ਕਹੀ ਨਹੀਂ ਲਗਦੀ ॥ ਅਕਲ ਤੇ ਪੜਦਾ ਜਾਂ ਪਿਆ ਹੈ ਕੁਪੇਚ ਬਿਚ ਬਣ ਮਰਗਿਦ ਚਰਵਾਲੀ ਕਰੇ ਬੱਗਦੀ ॥ ਬਡਾ ਅਫਸੋਸ ਰਸ ਇੰਦ੍ਰੀ ਦੇ ਰਚ ਕਰ ਸੁੱਧ ਹੋਇ ਬ੍ਰਹਮ ਜੂਠ ਬਣ ਰਿਹਾਂ ਜਗਦੀ ॥ ਸਹੀ ਨਾ ਸਰੂਪ ਦਸ਼ਾ ਦੇਖ ਭਗਵਾਂਨ ਦਾਸ ਪਿਆ ਪ੍ਰਵਿਰਤ ਮੇਂ ਆਂਚ ਸਹੇ ਅਗਦੀ ॥ ॥੩੭੮॥ ਸੁਰ ਕਾ ਅਨੰਦ ਸੁਧ ਰੂਪ ਪਰਮਾਂਤਮਾਂ ਸੀ ਅਸਲਾ ਭੁਲਾਇ ਜੀਵ ਬਣਿਆ ਹੈ ਖਲ ਹੀ ॥ ਲਖਤਾ ਟਕਾਉ ਨਾਲ ਜਾਣੇ ਜਾਂ ਅਲਖ ਆਪ ਭਾਵ ਨੂੰ ਵਸਾਰ ਫੇਰ ਹੋਵੇ ਤਾਂ ਅਚਲ ਹੀ ॥ ਹੋਇਕੇ ਅਬੋਲ ਇਸ ਬੋਲਦੀ ਬਚਾਰ ਕਰੁ ਪਿਆ ਨਾਂ ਨਦਾਂਨ ਰਹੁ ਬਿਚ ਤੂੰ ਜਹਲ ਹੀ ॥ ਅਮਲ ਕਮਾਏ ਬਿਨਾਂ ਸਚ ਭਗਵਾਂਨ ਦਾਸ ਹੋਇ ਨਹੀਂ ਜਾਂਵਦਾ ਬ੍ਰਹਮ

ਨਾਲ ਗਲ ਹੀ ॥੩੭੯॥ ਬਰਨ ਅਸਰਮਦਾ ਝਗੜਾ ਨਬੇੜਦਾ ਨਾਂ ਫਸਿਆਂ ਹੈਂ ਫਾਹੀ ਨਹੀਂ ਗਿਆਂਨ ਪਰਚੰਡ ਤਾਂ ॥ ਬਾਸ਼ਨਾਂ ਦਾ ਬਧਾ ਭੋਗੇਂ ਨਰਕਾਂ ਤੇ ਸੁਰਗਾਂ ਨੂੰ ਹੋਵੇ ਨਾ ਨਜਾਤ ਲਖ ਕਰੇਂ ਜੇ ਪਖੰਡ ਤਾਂ ॥ ਪੇਡ ਨੂੰ ਤਿਆਗ ਪ੍ਰਵਿਰਤਿਆ ਡਾਲ ਮੇਂ ਜੋ ਲਏਗਾ ਨਾ ਸੁਖ ਐਸਾ ਪਾਇਕੇ ਚੁਰੰਡ ਤਾਂ ॥ ਕਰਮਾਂ ਦੇ ਬਿਚ ਹੁਣ ਫਸੇਂ ਭਗਵਾਂਨ ਦਾਸ ਆਵੇ ਵਾਰ ਫਲਦੀ ਜਾਂ ਨਿਕਲੇਗਾ ਚੰਡਤਾਂ ॥੩੮੦॥ ਆਦਿ ਬੁਨਿਆਦ ਜਿਸ ਬਸਤੂ ਦੀ ਕਹੀ ਜਾਏ ਪੱਕ ਪਰਤੀਤ ਓਹ ਫਨਾਹ ਫਿਰ ਅੰਤੂ ਨੂੰ ॥ ਕੂੜ ਦਿਖਲਾਵਾ ਕੁਲ ਰਹੇ ਨਾ ਨਸ਼ਾਨ ਓੜ ਹੋਹ ਤੂੰ ਓਦਾਸ ਅਖੀਂ ਦੇਖ ਬਰਤੰਤ ਨੂੰ ॥ ਆਦਿਰਸ ਅਨਾਸ ਪਰਮਾਤਮਾਂ ਅਚਲ ਰੂਪ ਸੂਖਮ ਖਿਆਲ ਐਸੇ ਜਾਣੀਏ ਅਨੰਤ ਨੂੰ ॥ ਨਿਰ ਗੁਣ ਨਾਮ ਨਿਸਕਾਮ ਭਗਵਾਨ ਦਾਸ ਤਿਸ ਮੇਂ ਸਮਾਏ ਤੋੜ ਬਾਸ਼ਨਾਂ ਦੀ ਤੰਤ ਨੂੰ ॥੩੮੧॥ ਖਾਂਦਾ ਬਹਿੰਦਾ ਉਠਦਾ ਬਸਾਰੇ ਨਹੀਂ ਇਕ ਦੰਮ ਧੀਰਜ ਧਿਆਨ ਪ੍ਰਪੱਕਸ਼ ਹੀ ਨੇਸ਼ਟਾ ॥ ਦਿਨੋਂ ਦਿਨੋਂ ਬਧੇ ਰੰਗ ਸ਼ੋਕ ਨਹੀਂ ਹੋਇ ਭੰਗ ਨਾਵਣ ਬ੍ਰਹਮ ਗੰਗ ਅਕਲ ਸ੍ਰੇਸ਼ਟਾ ॥ ਥਿਰ ਨਹੀਂ ਮਨ ਬਿਧ ਸਰਬ ਸਪਨੇਂ ਹੋਰ ਅਕਲ ਨਕੰਮੀ ਇਹ ਬਿਹਾਰ ਬਿਖੇ ਚੇਸ਼ਟਾ ॥ **ਸਹੀ ਇਹ ਕੀਤਿਆਂ ਬਗੈਰ ਭਗਵਾਂਨ ਦਾਸ ਪਵੇਗਾ ਜ਼ਰੂਰ** ਫੇਰ ਗਲ ਬਿਚ ਰੇਸ਼ਟਾ ॥੩੮੨॥ ਜਿਤਨੇ ਦਾ ਬੇਲਾ ਏਹੋ ਅਖੀਆਂ ਉਘਾੜ ਖੇਡ ਉਮਰ ਗਵਾਈ ਹੈ ਨਦਾਂਨ ਬਿਚ ਹਾਰ ਬਹੁ ॥ ਛਡਕੇ ਫਰੇਬ ਤੂੰ ਤਰੀਕਾ ਫੜੁ ਰਾਸਤੀ ਦਾ ਖਾਨੇਂ ਦਰਵੇਸ਼ ਦੇ ਸਫਾਈ ਦਾ ਬਿਹਾਰ ਬਹੁ ॥ ਸਾਧ ਹੋਇ ਕਰੇਂ ਜੇ ਪ੍ਰੀਤਿ ਨਾਲ ਬਿਸ਼ਿਆਂ ਦੇ ਜਹਾਂ ਜਹਾਂ ਜਾਏਂ ਤਹਾਂ ਖਾਏਂਗਾ ਪੰਜਾਰ ਬਹੁ ॥ ਲੋਕ ਪਰਲੋਕ ਗਏ ਦੋਇ ਭਗਵਾਂਨ ਦਾਸ ਪਾਵੇਂ ਨਾਂ ਟਕਾਉ ਕਹੀਂ ਹੋਵੇਂਗਾ ਲਚਾਰ ਬਹੁ ॥੩੮੩॥ ਆਪ

ਕਰਤਬ ਜਾਣੇ ਆਪਣੇ ਨਦਾਂਨ ਸਭ ਰਖਦਾਂ ਛਪਾਇ ਗੁਝੀ ਫੇਰਿਦਾਂ ਕਟਾਰੀ ਹੈਂ ॥ ਪਹਰਕੇ ਲਵਾਸ ਤੁਲ ਬਣਿਆਂ ਮਹਾਤਮਾਂ ਦੇ ਹੋਇਕੇ ਬੇਅੰਗ ਬਣ ਬੈਠਾ ਬਿਵਹਾਰੀ ਹੈਂ ॥ ਜਾਣਕੇ ਕੰਗਾਲ ਬਹੋਂ ਮੁਖ ਤੂੰ ਮਰੋੜ ਕਰ ਆਏ ਧਨ ਬੰਤ ਤਾਈਂ ਕਰੇਂ ਹਿੜਕਾਰੀ ਹੈਂ ॥ ਦੁਐਤ ਕੋ ਉਠਾਏਂ ਨਾ ਨਦਾਨ ਭਗਵਾਂਨ ਦਾਸ ਖੋਂਸੜਾ ਹਜਾਰ ਸਿਰ ਮਾਇਆ ਕਾ ਬਪਾਰੀ ਹੈਂ ॥੩੮੪॥ ਹੋਵੰਦਾ ਇਲਾਜੁ ਅਜ ਸੁੰਦ੍ਰ ਸੁਖੇਨ ਜੀਆ ਸੁਸਤੀ ਤਿਆਗ ਖੁਲੰ ਕਾਂਮਨਾ ਕਮੰਦ ਤੇ ॥ ਗੁੜਾ ਗੁੜਾ ਮਚਦਾ ਭੜਾਂਬਾ ਵਿਚ ਦਿਲਦੇ ਜੁ ਕਰੇਗਾ ਖੁਆਰੁ ਖਸ੍ਰਾਇਕੇ ਅਨੰਦ ਤੇ ॥ ਲੰਮੀ ਭੁਜਾ ਕਰਕੇ ਪੁਕਾਰਦਾਂ ਨਦਾਨ ਤੁਧ ਕਰਲੈ ਉਪਾਓ ਛੁਟੇਂ ਚਮੜੇ ਦੀ ਬੰਦ ਤੇ॥ ਰੋਗ ਨੂੰ ਗਵਾਇ ਹੋਹ ਨਰੋਗ ਭਗਵਾਂਨ ਦਾਸ ਮਿਟੇਗਾ ਕਲਕ ਦਰਵੇਸ਼ ਨਿਰਦ੍ਵੰਦ ਤੇ ॥੩੮੫॥ ਆਪਣੇ ਹੀ ਆਪ ਰੰਗ ਰਹਿੰਦੇ ਹੈਂ ਅਨੰਦ ਬਿਚ ਬੰਧਨਾ ਫਕੀਰ ਵਿਚ ਭੇਖ ਵਾਲੀ ਚਾਲ ਦੇ ॥ ਪਾਰਸ ਦੇ ਉਪਰ ਨਾਂ ਮੋਹਰ ਅਮੋਲ ਕਹੈ ਸੰਨ ਦਾ ਨਸ਼ਾਨ ਕੋਈ ਉਪਰ ਨਾ ਲਾਲ ਦੇ ਜਾਣ ਨਹੀਂ ਸਕਦਾ ਗੁਵਾਰ ਲੋਕ ਗੁਣ ਤਾਈ ਪਾਰਖੂ ਪਛਾਣ ਲੈਣ ਮੈਹਰਮ ਜੋ ਹਾਲ ਦੇ ॥ ਬੇਪਰਵਾਹ ਹੈਂ ਨਦਾਂਨ ਭਗਵਾਂਨ ਦਾਸ ਝੜਨ ਹਜ਼ਾਰ ਪਾਪ ਕੀਤਿਆਂ ਜਮਾਲ ਦ ॥੩੮੬॥ ਉਮਰ ਅਜਾਈਂ ਜਾਏ ਫਸਿਆਂ ਸੁਨੀਦ ਬਿਚ ਦੇਖੇਂ ਨਾ ਫੈਹਮੀਦ ਐਸੀ ਪਈ ਬਾਣ ਚੰਦਰੀ ॥ ਪਿਛੇ ਨਹੀਂ ਹਾਂਸਲੀ ਜਾਂ ਅਬ ਕੈਸੇ ਹੋਇ ਜਾਊ ਦੇਖ ਅਜਮੀਦ ਤੂੰ ਸਭਾਉ ਛਡ ਬਦਰੀ ॥ ਵਾਚ ਸੇ ਉਠਾਇ ਕਰ ਲਖ ਮੇਂ ਨਗਾਹ ਦੇ ਦੀਦ ਮੇ ਸਮਾਇ ਗੁਲਜ਼ਾਰ ਦੇਖੁ ਅੰਦਰੀ ॥ ਮੁਸ਼ਕਲ ਇਹ ਕਾਰ ਨਦਾਂਨ ਭਗਵਾਂਨ ਦਾਸ ਤਾਰ ਵਾਂਗੁ ਕਢਣੀ ਹੈ ਰੂਹ ਬਿਚ ਜੰਦਰੀ ॥੩੮੭॥ ਅਸਲਾ ਅਨਾਦ ਰੂਪ ਨਰਾਂ ਬਿਚ ਨੂਰ ਹੈ

ਜੋ ਅਣਸੂ ਪਛਾਂਣ ਕੈਸੀ ਉਜਲ ਇਹ ਕੁਲਦੀ ॥ ਕੁਦਰਤ ਨਾਲ ਭੌਂਦੂ ਕਮਲੇ ਦੇ ਹੱਬ ਆਈ ਕਦਰ ਬਗੈਰ ਦੇਖੋ ਕੈਸੇ ਫਿਰੇ ਰੁਲਦੀ ॥ ਬਿਚ ਗਿਲਆਂਨੀ ਦੇ ਗਵਾਰ ਗਰਕਾਬ ਕਰ ਲਖਤੇ ਬਣਾਈ ਅਬ ਕਖਦੇ ਹੈ ਮੁਲਦੀ ॥ ਬਿਸ਼ਿਆਂ ਉਡਾਇ ਕੇ ਨਦਾਂਨ ਭਗਵਾਂਨ ਦਾਸ ਆਪ ਨੂੰ ਬਚਾਰ ਹੋਵੇ ਅਸਲ ਦੇ ਤੁਲਦੀ ॥੩੮੮॥ ਅਸਲਾ ਪਛੋਕਾ ਤੇਰਾ ਛੇਰਦਾ ਨਦਾਂਨ ਸੀਗਾ ਬੰਧਨ ਦੇ ਵਿਚ ਬਣ ਰਿਹਾਂ ਜੀਵ ਅਜ ਤੂੰ ॥ ਕਰ ਲੈ ਉਪਾਉ ਅਬ ਬਖਤੁ ਖਲਾਸਗੀ ਦਾ ਹੋਹ ਹੁਸ਼ਿਆਰ ਇਸ ਫਾਹੀ ਕੋਲੋਂ ਭੱਜ ਤੂੰ ॥ ਪਿੰਜਰੇ ਮੇਂ ਪਿਆ ਫੇਰ ਪਾਏਂਗਾ ਪਰੱਮਦੁਖੁਕਰੇਂ ਪਛਤਾਉ ਸੈਂਤ ਗੁਜਰੀਨ ਲੱਜ ਤੂੰ ॥ ਚੜ੍ਹ ਆਸ਼ਕਾਂ ਦੀ ਸੜਕ ਨਦਾਨ ਭਗਵਾਂਨ ਦਾਸ ਹੋਇ ਨਿਰਬੰਧ ਵਾਂਗ ਸ਼ੇਰ ਗਰਗਜ ਤੂੰ ॥੩੮੯॥ ਸਮਾਂ ਆਂਣ ਪੱਲਟਿਆ ਮਤ ਭਈ ਹੀਨ ਹੈ ਜੋ ਭੁਲਕੇ ਸਰੂਪਮਤ ਹੋਇ ਰਿਹਾ ਫਰਜ਼ੀ ॥ ਅਮੀ ਰਸ ਛਡ ਬੁਕ ਚਟਦਾ ਚਰੇਕਣਾ ਹੈ ਕੌਣ ਸਮਝਾਵੇ ਜਬ ਆਪ ਅਲਗਰਜ਼ੀ ॥ ਆਪਿ ਸਿਰ ਅਪਣੇ ਹੈ ਮਾਰਦਾ ਪੰਜਾਰ ਜਬ ਸਕਤ ਨਾ ਦੂਜੇ ਨੀ ਨਬੇੜ ਦੇਵੇ ਅਰਜ਼ੀ ॥ ਅਸਰ ਇਲਾਜ ਦਾ ਕੀ ਕਰ ਭਗਵਾਂਨ ਦਾਸ ਝਖ ਮਾਰਨੇ ਦੀ ਆਪ ਜਬ ਚੇਤਨ ਦੀ ਮਰਜੀ ॥ ॥੩੯੦॥ ਨਿਰਪ ਪਛਾਂਣ ਆਦ ਕਾਰਜ ਦੇ ਕਾਰਨ ਨੂੰ ਲਗਿਆਂ ਬਗਾਰੀ ਕੈਸੈ ਤਖਤ ਨਸ਼ੀਨ ਤੂੰ ॥ ਰਹੀ ਨਹੀਂ ਹੋਸ਼ ਗਿਆ ਬਿਚਲ ਦਮਾਗ ਭੂਪ ਇਸ ਬਿਧ ਹੋਇਆ ਫਿਰੇਂ ਦੀਨ ਮਸਕੀਨ ਤੂੰ ॥ ਖੋਟੀਇਹ ਬਮਾਰੀ ਕਰ ਇਸ ਦਾ ਉਪਾਉ ਹੁਣ ਇਹੀ ਹੈ ਇਲਾਜੁ ਹੋਹ ਆਰਫਾਂ ਦੀ ਰੀਨ ਤੂੰ ॥ ਜਾਵੇ ਤੇਰੀ ਮਰਜ਼ ਨਦਾਨ ਭਗਵਾਂਨ ਦਾਸ ਪਾਏਂਗਾ ਅਰਾਮ ਏਕ ਆਤਮਾ ਹੀ ਚੀਨ ਤੂੰ ॥੩੯੧॥ ਬਣਕੇ ਦਨਾਉ ਅਬ ਖੰਭ ਨਾ ਖਲਾਰ ਬੈਠ ਸੰਗ ਦੋਖ ਕੂੜ ਦੇ ਤੇ ਬਗਲ ਹੋਹ ਝਟ ਤੂੰ ॥ ਵਿਚ ਵਡਿਆਈ ਦੇ ਅਵਰ ਨਿਆਂ ਮਨੁ ਜਾਏ ਕਮਲਾ ਸੁਦਾਈ

ਗਈ ਸਿਧੀ ਪਾਕ ਹੈ ਹਿਆਤ ਭਗਵਾਂਨ ਦਾਸ ਲਗਦੀ ਸੀ ਲਾਜ ਜੇ ਪਿਛਾਹਾਂ ਪੈਰੁ ਧਰਦੀ ॥੩੯੬॥ ਇਸ਼ਕ ਕਮਾਵਣਾ ਸੁਖਾਲਾ ਨਾਂ ਨਦਾਂਨ ਜਾਣ ਪੀਵਣਾ ਕਟੋਰਾ ਭਰ ਜ਼ਹਿਰ ਦਾ ਪੂਰ ਓਇ ॥ ਇਸ਼ਕ ਕਮਾਇਆ ਸਿਰਿ ਮੱਧ ਨੇ ਕਟਾਇ ਸੀਸ ਇਸ਼ਕ ਕਮਾਇਆ ਸੂਲੀ ਚੜ੍ਹ ਮਨਸੂਰ ਓਇ ॥ ਆਸ਼ਕਾਂ ਦੇ ਸਿਰ ਜਾਣਿ ਸਿਰੜੁ ਨਾਂ ਜਾਣ ਦੇਣ ਯਾਦ ਰਖੁ ਆਸ਼ਕਾਂ ਦਾ ਐਸਾ ਦਸਤੂਰ ਓਇ ॥ ਖੌਫ ਖਤਰਾ ਉਠਾਇ ਲੋਕ ਲਾਜ ਭਗਵਾਂਨ ਦਾਸ ਗਜਦੇ ਹੈਂ ਸ਼ੇਰ ਮਾਰ ਦੰਮਕਾਂ ਜ਼ਰੂਰ ਓਇ ॥੩੯੭॥ ਬੇ ਪਰਵਾਹਿ ਹਾਲ ਆਸ਼ਕਾਂ ਦੀ ਚਾਲ ਦੇਖੁ ਚੜਦੇ ਹੈਂ ਸੂਲੀ ਪਰੁ ਅੰਗ ਨਹੀਂ ਮੋੜਦ ॥ ਲਗਦੇ ਹੈਂ ਤੀਰ ਤੇ ਸਰੀਰ ਸਾਰਾ ਡਿਗਿ ਆਇ ਹਿਲਦੀ ਨਾਂ ਰੂਹ ਜ਼ਰਾ ਐਸਾ ਜੀਉ ਜੋੜਦੇ ॥ ਮਰਦ ਕੁਮਾਲ ਐਸੇ ਦਰਦ ਅਜਾਬ ਬਿਚ ਨੇਹੁ ਵਾਲੀ ਤਾਰ ਨਾਂ ਫਰੋਕਾ ਇਕੁ ਤੋੜਦੇ ॥ ਆਸ਼ਕ ਨਚਾਰ ਹੋ ਨਦਾਨਿ ਭਗਵਾਂਨ ਦਾਸ ਮਾਰਦੇ ਪੰਜਾਰ ਸਾਹ ਸਾਹਨ ਕੋੜਦੇ ॥੩੯੮॥ ਆਸ਼ਕਾਂ ਦੀ ਰੀਤ ਮੀਤ ਬੜੀ ਕਠਨਾਈਦਾਰ ਆਸ਼ਕਾਂ ਦੇ ਤਾਂਈ ਕਰੋ ਸਤਹੀ ਸਲਾਂਮਤਾਂ ॥ ਪੱਛ ਕੇ ਸਰੀਰ ਲੂਣੁ ਆਸ਼ਕਾਂ ਦੇ ਲਾਇ ਦੇਣ ਕਰਦੇ ਨਾ ਸੀ ਲੋਕ ਦੇਖਦੇ ਤਮਾਂਮ ਤਾਂ ॥ ਹੋਇਕੇ ਬੇਗੰਮ ਰੰਗ ਅਪਣੇ ਅਨੰਦ ਬਿਚ ਬੋਲ ਰਹੇ ਠੀਕ ਇਹ ਫਕੀਰੀ ਦੀ ਕਲਾਮ ਤਾਂ ॥ ਪੰਧ ਛਡ ਤੂੰ ਮਜਾਜ਼ੀ ਦਾ ਨਦਾਂਨ ਭਗਵਾਂਨ ਦਾਸ ਇਸ਼ਕ ਹਕੀਕੀ ਰਾਹੁ ਫਕਰਾਂਦਾਆਮ ਤਾਂ ॥ ॥੩੯੯॥ ਕਿਉ ਮੂੰਹੋਂ ਬਕਦਾ ਸੁਖਾਲਾ ਨਾਂਮੁ ਆਸ਼ਕਾਂ ਦਾ ਇਸ਼ਕ ਕਮਾਵਣਾ ਹੈ ਨਿਗਲਨਾ ਸਾਰਦਾ ॥ ਦੇਖ ਮਨਸੂਰ ਵਲ ਸੂਲੀ ਮਨਜ਼ੂਰ ਕਰ ਇਸ਼ਕ ਦੀ ਬਾਜੀ ਉਤੇ ਜਾਨ ਕੈਸੇ ਵਾਰਦਾ ॥ ਲਿਆ ਸਚ ਜਾਣ ਜਬ ਸਿਦਕੋਂ ਨਾ ਹਾਰੇ ਦੰਮ ਸ਼ਮਸ ਤਬਰੇਜ਼ ਖਲ ਹੱਥੀਂ ਹੈ ਉਤਾਰਦਾ ॥ ਸਦ ਕੁਰਬਾਂਨ ਐਸੇ ਸਾਦਕਾਂ ਨਦਾਂਨ ਕਹੁ ਪਾ ਲਿਆ ਪ੍ਰੇਮ ਕੀਤਾ ਸੋਦਾ

ਨਾਂ ਉਧਾਰਦਾ ॥੪੦੦॥ ਇਸ਼ਕ ਹਕੀਕੀ ਨਿਰੰਕਾਰ ਰਾਹੁ ਫੱਕਰਾਂ ਦਾ ਇਸ਼ਕ ਮਜਾਜ਼ੀ ਕਿਹਾ ਉਪਰ ਅਕਾਰ ਓਇ ॥ ਜੀਵੰਦਿਆਂ ਜਿੰਦ ਤੇ ਜਹਾਂਨ ਵਲੋਂ ਹਥ ਧੋਇ ਹੋਵਣਾ ਨਰਾਸ ਛਡ ਹਿਰਸ ਹੰਕਾਰ ਓਇ ॥ ਸੰਭਲ ਟਕਾਓ ਪੈਰੁ ਹੋਹ ਨਾਂ ਬਿਹੋਸ਼ ਚਲ ਆਸ਼ਕਾਂ ਨੂੰ ਰਾਹ ਬਿਚ ਆਫਤਾਂ ਹਜ਼ਾਰ ਓਇ ॥ ਆਸਕ ਫਕੀਰ ਹੋਵੀਂ ਫੇਰ ਭਗਵਾਂਨ ਦਾਸ ਖਫਣ ਸਮਾਏਂ ਪਹਿਲੇ ਕਰ ਲੈ ਤਿਆਰ ਓਇ ॥ ੪੦੧॥ ਦੋਹਰਾ ਸਹੰਸ ਨ੍ਰਿਪ ਕਾ ਮਗਜ਼ ਲੈ ਬਨਿਓ ਮਗਜ਼ ਫਕੀਰ ॥ ਸਲਤਨਤ ਸੁਖਨ ਪਾਇਕੇ ਰੋਸਨ ਹੋਇ ਜ਼ਮੀਰ ॥੧॥ ਦੋਹਰਾ ॥ ਆਲੀ ਮਗਜ਼ ਫਕੀਰ ਕਾ ਬਨਿਓ ਮਗਜ਼ ਖੁਦਾ ॥ ਬੇਖੁਆਹਸੁ ਬੇਗਰਜ਼ ਹੈ ਆਰਫ ਉਰਫ ਗਦਾ ॥ ਅਬ ਰੇਹਕਲਾ ਲਿਖਤੇ ॥ ਜਬ ਪਕੜੇ ਤੋਰ ਮਲੰਗੀ ਹੈਂ ਤਬ ਹੋਇ ਰਹੇ ਯਕ ਰੰਗੀ ਹੈਂ ਸਭ ਐਸ ਹੁਏ ਬਦਰੰਗੀ ਹੈਂ ਇਹ ਤਪਦੇ ਇਸ਼ਕ ਤੰਦੂਰ ਹੋਰੀਂ ॥ ਰਾਹੁ ਇਸ਼ਕ ਦਾ ਭੀੜਾਹੈ ਨਹੀਂ ਮਨਦਾ ਸਖਤੀ ਪੀੜਾ ਹੈ ਜਿਨਾਂ ਚਕਿਆ ਇਸ਼ਕ ਦਾ ਬੀੜਾ ਹੈ ਓਹ ਸੂਲੀ ਚੜੇ ਮਨਸੂਰ ਹੋਰੀਂ ਜਿਨਾਂ ਰਾਹੁ ਇਸ਼ਕ ਦਾ ਫੜਿਆ ਹੈ ਤਿਨਾਂ ਰੰਗੁ ਅਜੈਬੀ ਚੜਿਆ ਹੈ ॥ ਓਹੁ ਬੀਰ ਬ੍ਰਹਮ ਦੇ ਦੜਿਆ ਹੈ ਫਿਰ ਜ਼ਾਹਰ ਹੋਂਦੇ ਨੂਰ ਹੋਰੀਂ ॥ ਭਗਵੰਨ ਦਾਸ ਮਤਵਾਲਾ ਹੈ ਜਿਨਿ ਪਾਇਆ ਅਸਲੁ ਹੁਵਾਲਾ ਹੈ ਇਹ ਪਿਆਲਾ ਮੁਰਸ਼ਦ ਵਾਲਾ ਹੈ ਮਨ ਕੀਤੇ ਦੂਰ ਗਰੂਰ ਹੋਰੀਂ ॥ ॥੧॥ ਰੇਹਕਲਾ ॥ਕਰਨ ਹਕੂਮਤ ਮਨਸਬ ਆਲੀ ਮੌਤ ਓਹ ਮਾਰੇ ਰਾਵਣ ਵਾਲੀ ਦੇਸ਼ ਵਲਾਇਤ ਕਰ ਗਏ ਖਾਲੀ ਛਡ ਕਰ ਖੇਸ ਕਬੀਲੇ ਨੂੰ ॥ ਆਇਆ ਬੀਚ ਸਰਾਇ ਮੁਸਾਫਰੁ ਬੰਨ ਕਰ ਬੈਠਾ ਦਾਵਾ ਕਾਫਰੁ ਤੋਰਿ ਲਿਆ ਜਬ ਭੌਂਦੂ ਆਖਰ ਲਭਦਾ ਫੇਰ ਵਸੀਲੇ ਨੂੰ ॥ ਅਮਲਾਂ ਬਾਝ ਨਹੀਂ ਛੁਟਕਾਰਾ ਸਮਝ ਲਵੀਂ ਖੁਦ ਸਮਝਨ ਹਾਰਾ ਜਿਸ ਥੈਂ ਮਾਂਰਨ ਬੰਨ ਕਰ ਯਾਰਾ ਯਾਰ-ਕਰੀਂ ਉਸ ਕੀਲੇ ਨੂੰ ॥ ਪਤ ਪਰਤੀਤ ਰਹੁ ਤਾਂ

ਤੇਰੀ ਦੁਰਮਤ ਦੂਰ ਕਰੇਂ ਅੰਧੇਰੀ ਨਾਂਮ ਜਪੰਤਾ ਨਾ ਕਰ ਦੇਰੀ ਬੇੜ ਬੜਾਵਣ ਹੀਲੇ ਨੂੰ ॥ ਭਗਵਾਂਨ ਨਦਾਨ ਇਉਂ ਦਿਲ ਵਿਚ ਜਾਣੀ ਕਹਾ ਗਏ ਓਹੁ ਤੇਰੇ ਹਾਣੀ ਬੇਹ ਬੇਹ ਰੋਂਦੀ ਦੋਸਤ ਢਾਣੀ ਲਦ ਗਏ ਛੈਲ ਛਬੀਲੇ ਨੂੰ ॥੨॥ ਰੈਹਕਲਾ ॥ ਮਹਲਚੁਬਾਰੇ ਅਜਬ ਉਚੇਰੇਖਿਜਮਤਦਾਰ ਗੁਲਾਂਮ ਬਥੇਰੇ ਲੱਦ ਲੱਦ ਜਾਂਦੇ ਦੇਖਤ ਤੇਰੇ ਫਿਰ ਕਿਉਂ ਹੂਆ ਸਖਤਾ ਤੂੰ ॥ ਚਰਨ ਕਵਲ ਨਹੀਂ ਸਿਮਰੇਂ ਹਰ ਦੇ ਕਹਾਂ ਗਏ ਓਹੁ ਤੇਰੇ ਘਰਦੇ ਮੇਰੀ ਮੇਰੀ ਸਭ ਸੈ ਕਰਦੇ ਦਿਲ ਵਿਚ ਸਮਝ ਕੁਰਖਤਾ ਤੂੰ ॥ ਹਰਿ ਹਰਿ ਨਾਮੁ ਉਚਾਰੀਂ ਮਨ ਮੇਂ ਜਬ ਲਗ ਸਾਸ ਤੇਰੇ ਹੈਂ ਤਨ ਮੇਂ ਮੂੜ ਕਰ ਫੇਰ ਨਹੀਂ ਜਿਉਂ ਜਨ ਮੇਂ ਸਮਝ ਲਵੀਂ ਬਦਬਖਤਾ ਤੂੰ ॥ ਪੇਸ਼ ਆਵੇਂ ਜਬ ਤੇਰਾ ਕੀਆ ਹਰਦਮ ਯਾਦ ਕਰੀਂ ਤੂੰ ਪੀਆ ਬੋਧ ਬਚਾਰ ਨਿਹਾਰੀਂ ਜੀਆ ਸਤ ਗੁਰ ਪਾਸੋਂ ਲਖਤਾ ਤੂੰ ॥ ਸਭ ਕੁਛੁ ਭੀਤਰ ਅੰਦਰ ਦੇ ਪਰੁਪੰਚ ਖੜੇ ਬਿਚ ਬੰਦਰ ਦੇ ਉਨ ਕੁਆੜ ਅੜਾਏ ਮੰਦਰ ਦੇ ਓਹ ਦੂਰ ਹਟਾਵੀਂ ਤਖਤਾ ਤੂੰ ॥ ਭਗਵਾਂਨ ਨਦਾਂਦ ਕੀ ਅਫਲਾਤੂੰਨੀ ਹੁਣ ਨਹੀਂ ਸਮਝੇਂ ਗਾਫਲ ਖ਼ੂੰਨੀ ਫਿਰ ਪਛਤਾਵੇਂ ਪੈ ਪੈ ਜੂਨੀ ਦੰਡ ਸਹੇਂ ਸਿਰ ਸਖਤਾ ਤੂੰ ॥੩॥ ਰੈਹਕਲਾ ॥ ਸਮਝ ਲਵੀਂ ਮਨ ਮਤਿਆ ਸ਼ੇਰਾ ਬੋਹੜ ਨਾ ਹੋਸੀ ਆਵਨ ਤੇਰਾ ਸਤਗੁਰ ਕਹਿੰਦੇ ਸੁਖਨ ਉਚੇਰਾ ਖੋਜ ਲਵੀਂ ਖੁਦ ਸੀਨੇ ਨੂੰ ॥ ਤੇਰੇ ਅੰਦਰੇ ਰਾਮ ਮੁਰਾਰਾ ਹੈ ਨਹੀਂ ਤੁਝ ਤੋ ਨੂਰੁ ਨਿਆਰਾ ਹੈ ਨਹੀਂ ਪਰਖੇਂ ਪਰਖਣਹਾਰਾ ਹੈ ਤੂੰ ਅਨਹਦ ਬਾਜੇ ਬੀਨੇ ਬੀਨੇ ਨੂੰ ॥ ਮਲ ਸ਼ੀਸ਼ੇ ਸੁਰਤ ਸਮਾਈ ਹੈ ਬਿਚ ਭਰਮ ਭੁਲੇਖੇ ਛਾਈ ਹੈ ਇਨ ਨਿਰਮਲ ਜੋਤ ਦਬਾਈ ਹੈ ਤੂੰ ਸਾਫ਼ ਕਰੀ ਆਈਨੇ ਨੂੰ ॥ ਸਤਿਗੁਰ ਕਹਿੰਦੇਸੁਣੁ ਭਗਵਾਨਾ ਹਿਰਸ ਹੈਰਾਨੀ ਹੈਂ ਗਲਤਾਨਾ ਕੋਡੀ ਫੜ ਲਈਭੁਲ ਨਦਾਂਨਾ ਛਡਕਰ ਨਾਂਮੁ ਨਗੀਨੇਨੂੰ ॥੪॥

ੴ ਸਤਿਗੁਰ ਪ੍ਰਸਾਦਿ ॥

—: ਅਥ ਸੀਹਰਫੀ :—

## ॥ ਭਗਵਾਂਨ ਦਾਸ ਮੌਜ ਦਿਲ ਦਰਵੇਸ਼ ਲਿਖ੍ਯਤੇ ॥

ਅਲਫ ਆਦ ਅਨਾਦ ਦੀ ਸਾਰ ਲੈ ਖਾਂ ਕਿਉਂ ਪਿਆ ਹੈਂ ਪਾਂਵ ਪਸਾਰ ਬੇਲੀ ॥ ਇਹ ਤਾਂ ਅਬਲੋਂ ਆਖਰੀ ਔਹਦ ਬਣਿਆਂ ਥਿਰ ਰਹਿਣਾ ਨਾ ਬਿਚ ਸੰਸਾਰ ਬੇਲੀ ॥ ਰਾਹੀ ਵਿਚ ਸਰਾਂਇ ਦੇ ਆਣ ਲਥੇ ਰੈਨ ਕਤਕੇ ਚਲਣੇਹਾਰ ਬੇਲੀ ॥ ਮੌਜ ਦਿਲ ਤੂੰ ਸਮਝ ਲੈ ਬੈਠ ਗੋਸੇ ਆਪਾ ਭਾਵ ਜੇ ਕਰੇਂ ਗਵਾਰ ਬੇਲੀ ।੧॥ ਬੇ ਬਾਫਰੀ ਕਾਫਰੀ ਕਰੇਂ ਗਾਫਲ ਨਹੀਂ ਸੱਚ ਤੇ ਝੂਠੁ ਨਿਤਾਰ ਲੈਂਦਾ ॥ ਪਿਛੇ ਲਗ ਕੇ ਦਮਕ ਬੇ ਦਮਕ ਹੋਇਆਂ ਕੋਟੁ ਕੂੜ ਕੁਮਤਿ ਉਸਾਰ ਲੈਂਦਾ ॥ ਮਾਨਸ ਜਨਮ ਅਮੋਲ ਅਜੇਬ ਬਣਿਆ ਬਾਜੀ ਉਲਟੀ ਲਾਇਕੇ ਹਾਰ ਲੈਂਦਾਂ ॥ ਮੌਜ ਦਿਲ ਤੂੰ ਦਿਲ ਬੇ ਦਿਲ ਹੋਕੇ ਕਹੀ ਅਪਣੇ ਪੈਰ ਕਿਉਂ ਮਾਰ ਲੈਂਦਾਂ ॥੨॥ ਤੇ ਤੱਤ ਨੂੰ ਤਜ ਉਨਮੱਤ ਹੋਵੇਂ ਗਿਰੇਂ ਵਿਚ ਅਗਿਆਨ ਦੇ ਖੂਹ ਬੇਲੀ ॥ ਚਲੇਂ ਚਾਲ ਕੁਚਾਲ ਬੇਹੋਸ ਬਣਕੇ ਪਵੇਂ ਜਾਇ ਬਕਾਰ ਦੀ ਜੂਹ ਬੇਲੀ ॥ ਪਾਏਂ ਕਸਟ ਸੁਪਸਟ ਸੇ ਨਸਟ ਹੋਕੇ ਦਿੰਦੇ ਬੇਦ ਮਹਾਤਮਾਂ ਸੂਹ ਬੇਲੀ ਮੌਜ ਦਿਲ ਦਰਵੇਸ ਨਦਾਂਨਜੇਹੜਾ ਨਹੀਂ ਖੋਜਕੇਦੇਖਦਾ ਰੂਹ ਬੇਲੀ ॥੩॥ ਸੇ ਸਾਬਤੀ ਸਿਖਿਆ ਏਹ ਪਹਿਲੇ ਹੋਇ ਰਹੁਤੂੰ ਦਿਲੋਂ ਬੇਮੜਕ ਬੇਲੀ ॥ ਪੁਰਜਾ ਨੂਰਦਾ ਲਟਕਦਾ ਸਾਥ ਤੇਰੇ ਤਿਸ ਬਿਚ ਨਾਂ ਹੋਰੁ ਹੈ ਰੜਕਬੇਲੀ ਜਿਥੋਂ ਟੁਟਿਆ ਮੇਲ ਤੂੰ ਉਸ ਮਾਹੀ ਚੜ੍ਹ ਆਸ਼ਕਾਂ ਬਾਲੜੀ ਸੜਕ ਬੇਲੀ ਮੌਜਦਿਲਬੇਬਤਨਨੂੰਬਤਨਮਿਲਦਾ ਕੈਸੀ ਮਾਰਦਾ ਭੜਕਲਾਧੜਕ ਬੇਲੀ ॥੪॥ ਜੀਮਜਾਗੁ ਮੁਸਾਫਰਾ ਸੁਤਿਆ ਓਇ ਤੇਰੀ ਪੂੰਜੀਦੇਬਿਚਹੈਂਘਾਟਹੁੰਦੀ

ਜਰਾ ਅਖੀਆਂ ਪਟ ਉਸਾਣ ਲੇਖਾਂ ਦੇਖੁ ਕਿਤਨੀ ਤੁਧਨੂੰ ਕਾਟ ਹੁੰਦੀ
ਇਕੁ ਲਾਲੁ ਗਵਾਂਵਦਾਂ ਲਗ ਨੀਂਦੇ ਦੂਜੇ ਖੋਟੀ ਹੈ ਮੂਰਖਾ ਬਾਟ ਹੁੰਦੀ
ਮੌਜ ਦਿਲ ਬਖਤ ਬਤੀਤ ਹੋਵੇ ਫੇਰ ਭੁਨਦੀਫਿਕਰ ਦੀ ਲਾਟ ਹੁੰਦੀ ॥੫॥
ਹੇ ਹਿਰਸ ਦਾ ਲਗਿਆ ਜਾਲ ਅਗੇਜਾਂਈਮੂਲ ਨਾਂਇਸ ਦੇ ਰਾਹ ਬੇਲੀ
ਛਡ ਚਟਕ ਬੇਅਟਕ ਬੇ ਭਟਕ ਹੋਤੂੰਪਿਛੋਂ ਨਫਸ ਸੈਤਾਂਨ ਨੂੰਲਾਹਿ ਬੇਲੀ
ਡੋਰ ਆਪਣੇ ਹੱਥ ਇਲਾਜੁ ਸੌਖਾ ਵਾਹਾਜਾਇ ਨਾਂ ਫੇਰ ਬੇਵਾਹਿ ਬੇਲੀ
ਮੌਜ ਦਲਿ ਤ੍ਰਿਸ਼ਨਾਂ ਤੀਰ ਹੈ ਜੋ ਭਨ ਤੋੜਇਹੁ ਕਰੀਂਸੁਆਹਿਬੇਲੀ ॥੬॥
ਖੇ ਖਤਮ ਕਰਦੇ ਤੂੰ ਖਿਆਲ ਸਾਰੇ ਮੱਥਾ ਆਸ਼ਕਾਂ ਆਰਫਾਂ ਟੇਕ ਕਰਕੇ
ਸਾਂ ਖਾਂ ਛਡਕੇ ਆਸਰੇ ਵਲ ਆਂਵੀ ਦੇਖੀਂ ਰੂਪ ਅਨੇਕਮੇਂਏਕ ਕਰਕੇ ॥
ਜੋੜ ਆਤਮਾਂ ਨਾਲ ਪ੍ਰਮਾਤਾਂ ਦੇ ਫੜੀਂ ਬੰਦਗੀ ਇਹ ਬਬੇਕ ਕਰਕੇ ਮੌਜ
ਦਿਲ ਪਰਪਤ੍ਰਪਰਮਾਰਥੀ ਹੋਹ ਚਾਲਾ ਆਦ ਬਿਹਾਰਦਾਨੇਕ ਕਰਕੇ ॥੭॥
ਦਾਲ ਦਿਸਦਾ ਰੰਗੁ ਅਨੂਪ ਹੈ ਜੁ ਭੁਲ ਜਾਵਦਾ ਦੇਖ ਨਦਾਨ ਬੇਲੀ ॥
ਹੱਡ ਮਾਸ ਤੇ ਥੁਕ ਹੈ ਚੰਮ ਅੰਦਰ ਉਤੋਂ ਬਣੀ ਬਣੋਟ ਦੀ ਸ਼ਾਨ ਬੇਲੀ ॥
ਚੜਦਾ ਆਣ ਤੁਫਾਂਨ ਜੁਆਨ ਬੇਲਾ ਕੋਈ ਬਚਦਾ ਹੈ ਗਿਆਵਾਨ ਬੇਲੀ
ਮੌਜ ਦਿਲ ਦਰਵੇਸ ਪੁਕਾਰਦੇ ਹੈਂ ਪੇਸ ਜਾਣ ਨਾਂ ਦੇ ਸ਼ੈਤਾਂਨ ਬੇਲੀ ॥੮॥
ਜ਼ਾਲ ਜਰਾਨਾਂ ਫੇਰਹਿਆਉ ਰਹਿੰਦਾ ਵਾਰਦਆਇਕੇ ਜਦੋਂ ਬਹਾਰ ਹੁੰਦੀ
ਭੁਲ ਜਾਣ ਨਸੀਹਤਾਂ ਸਾਰੀਆਂ ਹੀ ਜਦੋਂ ਕਾਮ ਕ੍ਰੋਧ ਦੀ ਮਾਰ ਹੁੰਦੀ ॥
ਪਰੇਸ਼ਾਨ ਹੈਰਾਂਨ ਹੋ ਰਹੇ ਪਾਗਲ ਬਿਰਤੀ ਜਿਸਦੀ ਬਿਚ ਬਕਾਰ ਹੁੰਦੀ ॥
ਮੌਜ ਦਿਲ ਨਾ ਕਰਗ ਚਰੂੰਡ ਦਾ ਓਹੁ ਜਿਹਨੂੰ ਠੀਕ ਬ੍ਰਹਮਬਚਾਰ ਹੁੰਦੀ
॥੯॥ ਰੇ ਰਦ ਸ਼ੈਤਾਂਨ ਦੇ ਨਹੀਂ ਜਾਣਾਨਹੀਂ ਰਖਣੀਇਸਦੀਝਾਕਬੇਲੀ ॥
ਭੁਸ ਬੁਰਾਇਹ ਮਿਟੀਦੇ ਖਾਣ ਵਾਂਗੂ ਸਿਰਪਾਉ ਤੂੰ ਇਸਦੇਖਾਕ ਬੇਲੀ ॥
ਰਵ ਰਿਹਾ ਓਹੁ ਦੇਖਣੇਹਾਰ ਸਾਰੇ ਇਸ ਬਿਧ ਰਹ ਜਾਵਣਾ ਪਾਕ ਬੇਲੀ
ਮੌਜ ਦਿਲ ਬਣੋਟ ਸੇ ਉਠ ਕਰਕੇ ਸਹੀ ਕਰੀਂ ਤੂੰ ਸਚ ਦਾ ਸਾਕ ਬੇਲੀ ॥

॥੧੦॥ ਜ਼ੇ ਜ਼ੋਰ ਨਾ ਜਾਵੰਦਾ ਯਾਰ ਉਥੇ ਜਿਥੇਇਸ਼ਕ ਵਾਲਾ ਤੋੜਾ ਆਣ ਧੁਖਦਾ ॥ ਇਕਪਲਕਨਾਂ ਆਮਦੀ ਚੈਨ ਤਿਸ ਨੂੰਧੂੰਆਂ ਹਿਜਰਵਾਲਾਵਿਚ ਜਾਨ ਧੁਖਦਾ ॥ ਤਲਬਗਾਰਹੈ ਤੜਫਦਾ ਦਿਨੇ ਰਾਤੀਂ ਦਿਲਉਸਦਾਵਾਂਗ ਮਸਾਨ ਧੁਖਦਾ ॥ ਮੌਜਦਿਲ ਹਕੀਕੀ ਦਾ ਨੇਕ ਰਸਤਾ ਰਹੇ ਵਿਚਮਜਾਜ ਪਰਾਣ ਧੁਖਦਾ ॥੧੧॥ ਸੀਨ ਸਮਝ ਵਾਲਾ ਖਲੇ ਸਮਝ ਬਾਜੀ ਨਹੀਂ ਜਾਵੰਦਾ ਭੁਜ ਕਬਾਬ ਵਾਂਗੂ ॥ ਭੱਠੀ ਆਂਨ ਸ਼ੈਤਾਂਨ ਦੀ ਚੜੇ ਜਿਹੜਾ ਜਾਏ ਸੁਤਿਆ ਅਰਕ ਗੁਲਾਬ ਵਾਂਗੂ ॥ ਨਸ਼ਾ ਲਗਿਆ ਇਸਦਾ ਜਿਸ ਤਾਂਈ ਪਿਆ ਤੜਫਦਾ ਤੇਜ਼ ਸ਼ਰਾਬ ਵਾਂਗੂ ॥ ਮੌਜ ਦਿਲ ਤੂੰ ਹਾਂਸਲੀ ਸਮਝ ਸਾਰੀ ਪਿਛੇਦਸ ਜਬਾਬ ਹਸਾਬਵਾਂਗੂ ॥੧੨॥ ਸ਼ੀਨ ਸ਼ੌਕ ਜਾਂ ਜਾਗਿਆ ਸਚ ਵਾਲਾ ਲੱਗਾ ਗਿਆਂਨ ਦਾ ਕੋਰੜਾ ਸਾੜ ਕਰਕੇ ॥ ਹੋਇ ਰਿਹਾ ਮੁਕਾਬਲਾ ਨਾਲ ਮਾਇਆ ਲੱਗਾ ਦੇਖਣੇ ਨੈਨ ਉਘਾੜ ਕਰਕੇ ॥ ਮਨੋਰਾਜ ਦੀ ਫੋਜ ਮੌਕੂਫ ਹੋਈ ਗੋਲਾ ਗੈਬ ਦਾ ਚਲਿਆਤਾੜ ਕਰਕੇ ॥ ਮੌਜ ਦਿਲ ਹੈ ਦਿਲ ਕੁਸਾਦ ਹੋਇਆ ਕੁਆੜਾ ਭਰਮ ਦਾ ਟੁਟਿਆ ਕਾੜ ਕਰਕੇ ॥੧੩॥ ਸੁਆਦ ਸਬਰ ਦੀ ਸਿਫਤ ਹੈ ਸਹੀ ਸਾਰੀ ਪਰੁ ਵਿਚ ਇਹ ਕਿਸੇ ਦਰਵੇਸ਼ ਹੁੰਦੀ ॥ ਰੂਹ ਹਿਲਦੀ ਨਹੀਂ ਹੋਲਾਇ ਜ਼ਰਾ ਖਚਤ ਬਿਚ ਗਿਆਂਨ ਸਰੇਸ਼ ਹੁੰਦੀ ॥ ਜੱਤ ਸੱਤ ਸੰਤੋਖ ਦੇ ਵਿਚ ਪੂਰਨ ਏਹੋ ਆਰਫਾਂ ਕਾਰ ਹਮੇਸ਼ ਹੁੰਦੀ ॥ ਮੌਜ ਦਿਲ ਤੂੰ ਜਾਂਣ ਲੈ ਸਹੀ ਸਾਦਕ ਨਹੀਂ ਬੰਦਗੀ ਵਿਚ ਕਲੇਸ ਹੁੰਦੀ ॥ ੧੪ ॥ ਜ਼ੁਆਦ ਜਰਬ ਤਕਸੀਮ ਨਾਂ ਜੋੜ ਬਾਕੀ ਜਿਥੇ ਲਗੀ ਹੈ ਸੁੰਨ ਸਮਾਧ ਬੇਲੀ ॥ ਨਹੀਂ ਸਿਸਤ੍ਰੀ ਪੁਰਸ਼ ਦਾ ਭਾਸ ਰਹਿੰਦਾ ਮਿਟ ਜਾਮਦੀ ਕੁਲ ਉਪਾਧ ਬੇਲੀ ॥ ਨਹੀਂ ਹਮ ਤੇ ਤੁਮ ਜਹ ਮੂਲ ਕੋਈ ਓਥੇ ਦਸ ਕੀ ਹੋਰੁ ਬਿਆਧੁ ਬੇਲੀ ॥ ਮੌਜ ਦਿਲ ਜਕੀਨ ਦੇ ਨਾਲ ਜਾਣੀ ਨਿਰਾਕਾਰ ਦੀ ਸਾਰ ਮੇਂ ਸਾਧ ਬੇਲੀ ॥੧੫॥ ਤੋਇ ਤਾਲਬਾਂ ਲਈਂ ਤਲੀਮ ਐਸੀ ਜਿਸ

ਵਿਚ ਨਾ ਰਹੇ ਫਸਾਦ ਕੋਈ॥ ਨਹੀਂ ਆਵਣਾ ਜਾਵਣਾ ਰਹੇ ਬਾਕੀ ਅਸੀ ਬੰਨ੍ਹਕੇ ਬੈਠ ਬੁਨਿਆਦ ਕੋਈ॥ ਸਚੇ ਨਾਮ ਦੇ ਵਿਚ ਸਮਾਂਵਦਾ ਜਾਂ ਨਹੀਂ ਬਸਦਾ ਨਹੀਂ ਬਰਬਾਦ ਕੋਈ॥ ਮੌਜ ਦਿਲ ਹੋਹ ਅਮਰ ਅਫੁਰ ਹੋਕੇ ਕਦੇ ਅੰਤ ਨਾਂ ਨਹੀਂ ਜਹ ਆਦ ਕੋਈ॥੧੬॥ ਜ਼ੋਇ ਜ਼ੁਲਮ ਦੀ ਬਾਤ ਇਕੁ ਹੋਰ ਭਾਈ ਪਿਆ ਮੂਲ ਤੇ ਬਧ ਬਿਆਜ ਇਸ ਨੂੰ॥ ਕਰੇ ਨੂਰ ਨੂੰ ਸਹੀ ਕਿਉਂ ਬੈਠ ਕਰਕੇ ਨਹੀਂ ਮੁਕਦਾ ਖਾਕੀ ਦਾ ਕਾਜ ਇਸ ਨੂੰ॥ ਰਿਹਾ ਫਸ ਖਿਆਲ ਬਗਾਰ ਅੰਦਰ ਕੈਸੇ ਮਿਲੇਗਾ ਨੂਰੀ ਦਾ ਤਾਜ ਇਸ ਨੂੰ॥ ਮੌਜ ਦਿਲ ਹਕੀਕਤੀ ਹਕੁ ਮਿਲਿਆ ਕਰ ਰਿਹਾ ਖਰਾਬ ਇਹ ਪਾਜ ਇਸ ਨੂੰ ॥੧੭॥ ਐਨ ਆਸ਼ਕਾਂ ਆਰਫਾਂ ਜਾਣਿਆਂਜੇ ਕਿਹਾ ਜਾਂਦਾ ਨਾ ਪਾਰ ਉਰਾਰ ਓਹੋ॥ ਚਸ਼ਮਾਂ ਲੱਗੀਆਂ ਆਂਮਦੀ ਚੈਨ ਐਸੀ ਨਹੀਂ ਮਿਲ਼ਦੀ ਬਿਚ ਬਜ਼ਾਰ ਓਹੋ॥ ਅਕਲ ਸ਼ਕਲ ਸੇ ਪਰੇ ਪ੍ਰੇਮ ਨਗਰ ਜਹਾਂ ਬਜਦੀ ਨਾਮਦੀ ਤਾਰ ਓਹੋ॥ ਮੌਜ ਦਿਲ ਇਹ ਮੁਰਸ਼ਦੋਂ ਰਾਹੁ ਮਿਲਦਾ ਸਿਰ ਸੌਂਫ ਕੇ ਬਣਜ ਬਪਾਰ ਓਹੋ॥੧੮॥ ਗੈਮ ਗ਼ੈਮ ਤੇ ਗਰਜਦੀ ਫੈਂਕੁ ਗਠੜੀ ਬਣ ਰਹੁ ਨਾ ਭਾਰ ਬਰਦਾਰ ਬੇਲੀ॥ ਬਿਚ ਭਰੇ ਭੰਡਾਰ ਬਕੀਮਤੀ ਹੈਂ ਲਵੇਂ ਸਾਰ ਜੇ ਹੋਏਂ ਸਰਦਾਰ ਬੇਲੀ॥ ਪੁਜੇ ਵਾਹ ਨਾ ਕਾਲ ਜੰਜਾਲ ਸੰਦੀ ਹੋਏਂ ਜੀਂਵਦਾ ਦਿਲੋਂ ਮੁਰਦਾਰ ਬੇਲੀ ਮੌਜ ਦਿਲ ਨਾ ਖੋਫਦੀ ਜਾਇ ਰਤੀ ਚੜ੍ਹ ਗਿਆ ਮਨਸੂਰ ਹੈ ਦਾਰ ਬੇਲੀ ॥੧੯॥ ਫੇ ਫੈਹਮ ਦੇ ਨਾਲ ਇਹ ਖੂਬੁ ਸਮਝੀਂ ਜੇਹੜਾ ਅਬ ਸੁਵਾਲ ਜਵਾਬੁ ਹੁੰਦਾ॥ ਸੂਲੀ ਚਾੜ੍ਹ ਦਿਤਾ ਵਲੀ ਜਿਸ ਵੇਲੇ ਕਿਉਂ ਨਹੀਂ ਸੀ ਓਸ ਅਜਾਬ ਹੁੰਦਾ॥ ਕਰਦਾਂ ਗਡੀਆਂ ਤੇ ਤੀਰੀਂ ਛੇਦ ਕਰਦੇ ਕਿਆ ਕਿਆ ਇਹੁ ਉਸਦੇ ਬਾਬ ਹੁੰਦਾ॥ ਮੌਜ ਦਿਲ ਸੁਣਾਇ ਕੇ ਹਾਲੁ ਸਾਰਾ ਫੇਰ ਸੁਖਨ ਦਾ ਕਰਨ ਸਵਾਬ ਹੁੰਦਾ॥੨੦॥ ਕਾਫ ਕੌਲ ਇਹ ਬਹੁਤ ਬਾਰੀਕ ਜਿਹਾ ਕਦਰ ਇਸਦੀ ਪਾਵਣੀ ਦੂਰ ਬੇਲੀ॥ ਅਦਲ ਸਚ

ਤੇ ਝੂਠ ਦਾ ਦੇ ਲੱਜਤ ਪਹਿਲੇ ਆਪਣੀ ਕਢ ਕਸੂਰ ਬੇਲੀ ॥ ਖਾਕੀ ਜਿਸਮ ਸੇ ਬੇ ਅਮੈਦ ਹੋਕੇ ਲਗ ਰਹੇ ਜਾਂ ਰੂਹ ਬਿਚ ਨੂਰ ਬੇਲੀ ॥ ਮੌਜ ਦਿਲ ਇਉਂ ਮਰਤਬੇ ਸਚ ਬਾਲੇ ਨਹੀਂ ਮੰਨਦਾ ਦਰਦ ਜ਼ਰੂਰ ਬੇਲੀ ॥੨੧॥ ਕਾਫ ਕਰਮ ਕਰੋੜ ਨਾ ਪਹੁਚ ਸਕੇ ਕਰੀਂ ਸਮਝ ਕੰ ਪਰਨ ਅਪਰੋਖੁ ਐਸਾ ॥ ਖਸ ਖਾਸ ਸਮਾਂਨ ਨਾਂ ਹਈ ਛਿਦ੍ਰ ਨਿਰਾਕਾਰ ਨਿਰਵੈਰ ਨਿਰਦੋਖੁ ਐਸਾ ॥ ਮਿਟ ਜਾਂਣ ਸੰਕਲਪ ਵਿਕਲਪ ਸਾਰੇ ਸਚ ਝੂਠ ਨਾ ਰਹੇ ਸੰਤੋਖੁ ਐਸਾ ॥ ਮੌਜ ਦਿਲ ਨਾਂ ਗਿਆਨ ਅਗਿਆਂਨ ਉਥੇ ਦੰਮ ਮਾਰ ਨਾ ਬਣੇ ਨਾ ਮੋਖੁ ਐਸਾ ॥੨੨॥ ਲਾਮ ਲਾਹਿਕੇ ਦਿਲੋਂ ਭਰਾਂਤ ਅਬਲ ਫੇਰ ਜਾਏਂ ਜੇ ਆਰਫਾਂ ਬਲ ਬੇਲੀ ॥ ਕਰੇਂ ਆਸ ਨਰਾਸ ਦੇ ਪਾਵਣੇ ਦੀ ਰੰਦੂ ਬਹੇਂ ਮਕਸੂਦ ਦਾ ਮਲ ਬੇਲੀ ॥ ਸਮਾ ਪਾਇਕੇ ਅਕਸ ਮਿਲ ਜਾਏ ਆਪੇ ਰਿਦੇ ਰਾਂਮ ਜੇ ਰਹੇਂ ਅਚਲ ਬੇਲੀ ॥ ਮੌਜ ਦਿਲ ਇਹੁ ਸੁਹਬ ਤੋਂ ਫੈਜ ਹੁੰਦਾ ਝੂਠੀ ਜਾਣ ਨਦਾਨ ਨਾਂ ਗਲ ਬੇਲੀ ॥੨੩॥ ਮੀਮ ਮੰਨਦਾ ਨਹੀਂ ਓਹ ਸਚੁ ਰਤੀ ਰਹਿੰਦੀ ਰੋਜੁ ਕੁਸਗ ਦੀ ਲਾਗ ਜਿਸ ਨੂੰ ॥ ਖਸਲਤ ਹੰਸ ਦੀ ਨਹੀਂ ਹੈਵਾਨ ਜਾਣੇ ਠੂੰਗੇ ਮਾਰਦੇ ਦਿਸਦੇ ਕਾਗ ਜਿਸ ਨੂੰ ਕਹੇ ਕੁਲ ਬਕਬਾਸ ਇਹ ਗਾਉਣ ਪਕਾਪਰਖਣ ਆਉਣ ਨਾ ਰੰਗ ਦੇ ਰਾਗ ਜਿਸ ਨੂੰ ॥ ਮੌਜ ਦਿਲ ਹੈ ਤਿਸਦਾ ਮਗ਼ ਗੰਦਾ ਨਹੀਂ ਲਪਟ ਗੁਲਾਬ ਦੇ ਬਾਗ ਜਿਸ ਨੂੰ ॥੨੪॥ ਨੂਨ ਨੇਹੁਜੇਕਰੇਂ ਤਾਂ ਨਜਰ ਖੁਲੇ ਹੋਇ ਰਿਹਾ ਹੈ ਕੁਲ ਸ਼ਮਾਰ ਅੰਦਰ ॥ ਸਤੇ ਦੀਪ ਨੌਂ ਖੰਡ ਤ੍ਰੈ ਲੋਕ ਵਿਚੇ ਖਬਰ ਗੈਬ ਦੀ ਖਿਆਲ ਗੁਜਾਰ ਅੰਦਰ ॥ ਪੜਦਾ ਗਫਲ ਤੋਂ ਚੱਕਦਾਂ ਨਹੀਂ ਗਾਫਲ ਖੋਇਆ ਜਤਨ ਬਗੈਰ ਦਿਲਦਾਰ ਅੰਦਰ ॥ ਮੌਜ ਦਿਲ ਤੂੰ ਸੀਨੇ ਨੂੰ ਸਾਫ ਕਰਕੇ ਕਰੀਂ ਰਬਦਾ ਨਿਤ ਦੀਦਾਰ ਅੰਦਰ ॥੨੫॥ ਵਾਉ ਵਾਸਤੇ ਏਸ ਨਗਾਹਿ ਹੋਣੇ ਕਰ ਰਹੇ ਹੈਂ ਕਈ ਤਲਪਟ ਬੇਲੀ ॥ ਕੋਈ ਸਿਖ ਹਜ਼ਰਾਇਤਾਂ ਕਰੇ ਕਾਮਣ

ਤਬ ਇਹ ਬੋਲ ਬਣਾਏ ਆਰਫ ਕਹਿੰਦਾ ਸੁਖਨੁ ਜੁਬਾਨੀ ਦੁਨੀਆਂ ਫਾਨੀ ॥ ਭਗਵਾਂਨ ਦਾਸ ਹੈ ਨਾਮਾਂ ਅਸਲੀ ਇਸਮ ਖਤਾਬੀ ਜਾਂਨੀ ਮੌਜ ਦਿਲਾ ਦਿਲ ਟਾਨੀ ॥੩੧॥ ਕਵਿਤ ॥ ਝਿੰਗੜਾਂ ਦੀ ਜੂਹ ਵਿਚ ਢਾਬ ਦੇ ਕਨਾਰੇ ਪਰ ਸੁਖਨ ਇਹ ਸਾਰ ਹੈਂ ਨਦਾਂਨ ਕਹੇ ਮੌਜ ਦਿਲ ॥ ਦੁਐਤ ਨੂੰ ਉਠਾਇ ਕੇ ਅਦੁਤੀ ਕੇ ਮਕਾਂਨ ਪਰ ਜ਼ਾਤ ਪਾਤ ਭੇਖ ਨਾਂ ਬਣਾਵਟ ਹੈ ਤਿਲ ॥ ਸਰਬ ਸੁਆਂਗ ਵਿਖੇ ਖੇਲਦਾ ਨਰੇਸ਼ ਹੋਇ ਭਰਮ ਉਠਾਇ ਨਿਰਪਖ ਦਰਵੇਸ਼ ਮਿਲ ॥ ਅਮਲ ਕਮਾਏਂ ਜੇਹੜੇ ਕਹੇ ਭਗਵਾਂਨ ਦਾਸ ਆਵੇ ਨਾਂ ਨਦਾਂਨ ਨੇੜੇ ਆਫਤ ਅਜਿਲ ॥੩੨॥ ਸ੍ਵੈਯਾ ॥ ਸੁਖਨਲ ਸਾਰ ਬਹਾਰ ਕਹੀ ਗੁਲਜ਼ਾਰ ਸਹੀ ਇਹ ਹੈ ਬੁਕਰਾ ॥ ਸੋ ਤਕਰੀਰ ਤਹਰੀਰ ਭਰੀ ਤਸ਼ਰੀਹ ਕਰੀ ਹਮ ਜੋ ਫੁਕਰਾ ॥ ਸੇਹਤ ਸੈਰ ਇਹ ਪੈਰ ਪੈ ਪੈਰ ਕਰੇਂ ਗਰ ਠੌਰ ਹੋਏਂ ਠੁਕਰਾ ॥ ਅਮਨ ਕੇ ਚਮਨ ਮੇਂ ਗਮਨ ਹੁਏ ਜਬ ਦਾਸ ਭਗਵਾਂਨ ਕੀਓ ਸੁਕਰਾ ॥੩੩॥ ਦੋਹਰਾ ॥ ਭਗਵਾਂਨ ਦਾਸ ਗੁਰ ਚਾਹੀਏ ਜੈਸੇ ਆਹਨ ਗਰ ॥ ਪਕੜ ਹਥੋੜਾ ਗਿਆਨ ਕਾ ਸਿਧੇ ਦੇਵੇ ਕਰ ॥੧॥ ਦੋਹਰਾ ॥ ਭਗਵਾਂਨ ਦਾਸ ਭੁਲ ਨਿਕਲੇ ਜੇ ਗੁਰ ਮਿਲੇ ਲੁਹਾਰ ॥ ਰੇਤੀ ਪਕੜ ਗਿਆਂਨ ਕੀਲਾਹੇ ਤੁਰਤ ਜੰਗਾਰ ॥੨॥ ਦੋਹਰਾ ॥ ਭਗਵਾਂਨ ਦਾਸ ਭੁਲ ਅਬ ਨਾਂ ਹੈ ਗੁਰ ਜਾਤ ਅਜਾਤ ॥ ਜਿਉਂ ਕਾ ਹੀ ਤਿਉਂ ਹੋ ਰਿਹਾ ਪੀਤਾ ਅਬ ਹਿਆਤ ॥੩॥ ਦੋਹਰਾ ॥ ਭਗਵਾਂਨ ਦਾਸ ਗੁਰੁ ਮੰਨੀਏ ਕਾਮਲ ਵਲੀ ਫਕੀਰ ॥ ਰਸਤੇ ਰਸਤੇ ਜਾਂਵਦਾ ਦੇਵੇ ਛੋਡ ਸਰੀਰ ॥੪॥ ਦੋਹਰਾ ॥ ਭਗਵਾਂਨ ਦਾਸ ਗੁਰੁ ਗਿਆਤ ਸੇ ਐਸੇ ਕੀਓ ਚਲਾਣ ॥ ਪ੍ਰਾਣਾ ਦੀ ਗਠ ਖੋਲਕੇ ਬਾਣੀ ਸ ਨਿਰਬਾਣ ॥੫॥ ਦੋਹਰਾ ॥ ਬੰਗੇ ਸ਼ੈਹਰ ਸੇ ਮੀਲ ਦੋ ਪਛਮ ਓਰ ਪਛਾਨ ॥ ਯਾਦਗਾਰ ਤਹ ਗੁਰ ਕੀ ਗੋਬਿੰਦ ਪੁਰ ਹੀਂ ਦਰਮਿਆਨ ॥੬॥ ਦੋਹਰਾ ॥ ਸ੍ਰੀ ਜਵਾਹਰ ਮ੍ਰਿਗਿੰਦ ਕੋ ਬਾਰ ਬਾਰ ਪਰਨਾਮ ॥ ਜਿਨ ਕੇ ਹੋ ਪ੍ਰਸਾਦਿ ਸੇ ਜਾਂਨਿਓ

ਤਬ ਇਹ ਬੋਲ ਬਣਾਏ ਆਰਫ ਕਹਿੰਦਾ ਸੁਖਨੁ ਜੁਬਾਨੀ ਦੁਨੀਆਂ ਫਾਂਨੀ ॥ ਭਗਵਾਂਨ ਦਾਸ ਹੈ ਨਾਮਾਂ ਅਸਲੀ ਇਸਮ ਖਤਾਬੀ ਜਾਂਨੀ ਮੌਜ ਦਿਲਾ ਦਿਲ ਦਾਨੀ ॥੩੧॥ ਕਵਿਤ ॥ ਝਿੰਗੜਾਂ ਦੀ ਜੂਹ ਵਿਚ ਢਾਬ ਦੇ ਕਨਾਰੇ ਪਰ ਸੁਖਨ ਇਹ ਸਾਰ ਹੈਂ ਨਦਾਂਨ ਕਹੇ ਮੌਜ ਦਿਲ ॥ ਦੁਐਤ ਂ ਉਠਾਇ ਕੇ ਅਦੁਤੀ ਕੇ ਮਕਾਂਨ ਪਰ ਜ਼ਾਤ ਪਾਤ ਭੇਖ ਨਾਂ ਬਣਾਵਟ ਹੈ ਤਿਲ ॥ ਸਰਬ ਸੁਆਂਗ ਵਿਖੇ ਖੇਲਦਾ ਨਰੇਸ਼ ਹੋਇ ਭਰਮ ਉਠਾਇ ਨਿਰਪਖ ਦਰਵੇਸ਼ ਮਿਲ ॥ ਅਮਲ ਕਮਾਏਂ ਜੇਹੜੇ ਕਹੇ ਭਗਵਾਂਨ ਦਾਸ ਆਵੇ ਨਾਂ ਨਦਾਂਨ ਨੇੜੇ ਆਫਤ ਅਜਿਲ ॥੩੨॥ ਸ੍ਵੈਯਾ ॥ ਸੁਖਨਲ ਸਾਰ ਬਹਾਰ ਕਹੀ ਗੁਲਜ਼ਾਰ ਸਹੀ ਇਹ ਹੈ ਬੁਕਰਾ ॥ ਸੋ ਤਕਰੀਰ ਤਹਰੀਰ ਭਰੀ ਤਸ਼ਰੀਹ ਰਰੀ ਹਮ ਜੋ ਫੁਕਰਾ ॥ ਸੇਹਤ ਸੈਰ ਇਹ ਪੈਰ ਪੈ ਪੈਰ ਕਰੇਂ ਗਰ ਠੌਰ ਹੋਏਂ ਠੁਕਰਾ ॥ ਅਮਨ ਕੇ ਚਮਨ ਮੇਂ ਗਮਨ ਹੁਏ ਜਬ ਦਾਸ ਭਗਵਾਂਨ ਕੀਓ ਸੁਕਰਾ ॥੩੩॥ ਦੋਹਰਾ ॥ ਭਗਵਾਂਨ ਦਾਸ ਗੁਰ ਚਾਹੀਏ ਜੈਸੇ ਆਹਨ ਗਰ ॥ ਪਕੜ ਹਥੋੜਾ ਗਿਆਨ ਕਾ ਸਿਧੇ ਦੇਵੇ ਕਰ ॥੧॥ ਦੋਹਰਾ ॥ ਭਗਵਾਂਨ ਦਾਸ ਭੁਲ ਨਿਕਲੇ ਜੇ ਗੁਰ ਮਿਲੇ ਲੁਹਾਰ ॥ ਰੇਤੀ ਪਕੜ ਗਿਆਂਨ ਕੀਲਾਹੇ ਤੁਰਤ ਜੰਗਾਰ ॥੨॥ ਦੋਹਰਾ ॥ ਭਗਵਾਂਨ ਦਾਸ ਭੁਲ ਅਬ ਨਾਂ ਹੈ ਗੁਰ ਜਾਤ ਅਜਾਤ ॥ ਜਿਉਂ ਕਾ ਹੀ ਤਿਉਂ ਹੋ ਰਿਹਾ ਪੀਤਾ ਅਬ ਹਿਆਤ ॥੩॥ ਦੋਹਰਾ ॥ ਭਗਵਾਂਨ ਦਾਸ ਗੁਰੁ ਮੰਨੀਏ ਕਾਮਲ ਵਲੀ ਫਕੀਰ ॥ ਰਸਤੇ ਰਸਤੇ ਜਾਂਵਿਦਾ ਦੇਵੇ ਛੋਡ ਸਰੀਰ ॥੪॥ ਦੋਹਰਾ ॥ ਭਗਵਾਂਨ ਦਾਸ ਗੁਰੁ ਗਿਆਤ ਸੇ ਐਸੇ ਕੀਓ ਚਲਾਣ ॥ ਪ੍ਰਾਣਾ ਦੀ ਗਠ ਖੋਲਕੇ ਬਾਣੀ ਸ ਨਿਰਬਾਣ ॥੫॥ ਦੋਹਰਾ ॥ ਬੰਗੇ ਸ਼ੈਹਰ ਸੇ ਮੀਲ ਦੋ ਪਛਮ ਓਰ ਪਛਾਨ ॥ ਯਾਦਗਾਰ ਤਹ ਗੁਰ ਕੀ ਗੋਬਿੰਦ ਪੁਰ ਹੀਂ ਦਰਮਿਆਨ ॥੬॥ ਦੋਹਰਾ ॥ ਸ੍ਰੀ ਜਵਾਹਰ ਮ੍ਰਿਗਿੰਦ ਕੋ ਬਾਰ ਬਾਰ ਪਰਨਾਮ ॥ ਜਿਨ ਕੇ ਹੋ ਪ੍ਰਸਾਦਿ ਸੇ ਜਾਂਨਿਓ

ਨਾਮੀ ਨਾਮ ॥੭॥ ਦੋਹਰਾ ॥ ਕਹਿ ਮੁਖ ਉਪਮਾ ਹੌਂ ਕਰੋਂ ਸਤਿਗੁਰ ਗੁਣੀ ਨਿਧਾਨ ਮੋ ਜੈਸੇ ਮਤਿ ਮੰਦਕੋਕੀਨੋ ਆਤਮ ਗਿਆਨ ॥੮॥ਦੋਹਰਾ॥ ਸ੍ਰੀ ਜਵਾਹਰ ਮ੍ਰਿਗਿੰਦ ਕੇ ਗੁਰ ਕੋ ਭੀ ਪਰਨਾਮ ॥ ਗੁਰ ਕੋ ਭਈ ਪ੍ਰਾਪਤੀ ਮਿਲਓ ਹੈ ਮੋਹਿ ਰਾਮ ॥੯॥ ਦੋਹਰਾ ॥ ਬਿਚ ਹਜ਼ੂਰੀ ਮਰਤਬੇ ਰਹਿੰਦੇ ਸੁਬਹਾ ਸ਼ਾਮ ॥ ਸਤਿਗੁਰ ਕੇ ਗੁਰ ਔਲੀਆ ਹੰਬੀਰ ਚੰਦ ਜੀ ਨਾਂਮ ॥੧੦॥ ਦੋਹਰਾ ॥ ਆਤਮ ੧ ਖੰਡ ੯ ਬਕਾਰ ੬ ਬਿੰਦ ੦ ਸੰਮਤ ਬਿਕ੍ਰਮ ਰਾਇ ॥ ਭਗਵਾਂਨ ਦਾਸ ਅਬ ਮੌਜ ਦਿਲ ਦੀਨੀ ਕਲਮ ਠਰਾਇ ॥੧੧॥ ਦੋਹਰਾ ॥ ਬੇਦ (੪) ਬਚਨ (੩) ਜੁਗ (੪) ਅੰਕਲਾ ਸੰਮਤੁ ਨਾਨਕ ਸ਼ਾਹਿ ॥ ਭਗਵਾਂਨ ਬਲ਼ਾਸ ਸਮਾਪਤੰ ਪਾ ਬਿਸਰਾਮ ਪਨਾਹਿ ॥

ਸੰਮਤ ਨਾਨਕ ਸ਼ਾਹੀ ੪੩੪

—o—